# ਚਿੜੀਆਂ ਦਾ ਚੋਗ

# ਚਿੜੀਆਂ ਦਾ ਚੋਗ

(ਗੀਤ ਅਤੇ ਕਵਿਤਾਵਾਂ)

ਡਾ: ਅਸ਼ਵਨੀ ਕੁਮਾਰ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry/Songs*

ISBN : 978-93-5068-340-8
Price : 150/-

# Chiriyan Da Chog

*(A Collection of Poems)*

*by*

**Dr. Ashwani Kumar**
MBBS, P.G. Diploma (Sonography)
Consultant Sonologist (Regd. no. 31759)
16-A, Garden Colony, Sector -12 Kharar
Distt. Ajitgarh (Punjab)
Mob. 98149-59744
Email. harsaaz@yahoo.co.in

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
email : lokgeetparkashan@gmail.com
Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਮੇਰੀ ਪਤਨੀ ਸ੍ਰੀਮਤੀ ਰਜਿੰਦਰ ਕੌਰ
ਮੇਰੇ ਬੇਟੇ ਅਸ਼ਰਾਜ ਅਤੇ ਹਰਸਾਜ
ਦੇ ਨਾਂ

# ਤਤਕਰਾ


| | | |
|---|---|---|
| ➢ | ਦਾਤਾ ਬਖਸ਼ ਲਵੀਂ | 13 |
| ➢ | ਚਿੜੀਆਂ ਦਾ ਚੋਗ | 14 |
| ➢ | ਕੀ ਆਖ ਮੈਂ ਬੁਲਾਵਾਂ | 15 |
| ➢ | ਬੁੰਦੂ ਪੰਜਵੀਂ ਕਲਾਸ ਵਿੱਚੋਂ | 16 |
| ➢ | ਮੇਰੀ ਕੋਈ ਪੇਸ਼ ਨਾ ਚੱਲੇ | 17 |
| ➢ | ਕੋਠੇ ਚੜ੍ਹ ਤੱਕਾਂਗੇ | 18 |
| ➢ | ਮੈਂ ਤਾਂ ਰਿਹਾ ਕੰਢੇ ਖੜਾ | 19 |
| ➢ | ਦਿਲ ਧੜਕ ਧੜਕ ਜਾਵੇ | 20 |
| ➢ | ਪਿੰਡ ਦੀ ਮੁੰਡੀਰ | 21 |
| ➢ | ਤੇਰੀ ਚੁੰਨੀ ਨੂੰ ਸਜਾਉਣਾ | 22 |
| ➢ | ਮੈਨੂੰ ਜਿਵੇਂ ਪਿਆਰ ਹੋ ਗਿਆ | 23 |
| ➢ | ਰੱਬ ਕਿਹੜੇ ਵੇਲ਼ੇ | 25 |
| ➢ | ਬੀ ਏ ਦੀ ਪੜ੍ਹਾਈ | 26 |
| ➢ | ਸਾਨੂੰ ਠੇਕੇ ਦੀ ਨਾ ਪਚੇ | 27 |
| ➢ | ਕਾਸ਼ ਮੈਂ ਹਵਾ ਬਣ ਜਾਵਾਂ | 29 |
| ➢ | ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ | 31 |
| ➢ | ਹੁਣ ਖੁਸ਼ੀਆਂ ਛੋਟੀਆਂ | 32 |
| ➢ | ਰੱਬ ਮੇਰੇ ਉੱਤੇ | 33 |
| ➢ | ਕਸਰਤ ਕਰ ਲੈ ਤੂੰ | 34 |
| ➢ | ਕਨੂੰਨ ਦੀ ਉਲੰਘਣਾ | 35 |
| ➢ | ਸਾਲ ਸੋਲਵੇਂ 'ਚ | 36 |
| ➢ | ਵੰਗ ਛਣਕ ਹੀ ਜਾਵੇ | 37 |
| ➢ | ਮੈਨੂੰ ਕੱਲ ਪਤਾ ਲੱਗਾ | 39 |
| ➢ | ਟੱਪੇ | 40 |

➢ ਮਾਂ ਹੁੰਦੀ ਏ ਮਾਂ 42
➢ ਬੋਲੀਆਂ 43
➢ ਸੱਤ ਸਮੁੰਦਰੋਂ ਪਾਰ 45
➢ ਵਿਸਾਖੀ ਦੇ ਮੇਲੇ ’ਚ 46
➢ ਤੇਰੀ ਯਾਦ ਸਤਾਉਂਦੀ 48
➢ ਕਰ ਸ਼ੁਕਰਾਨਾ ਓਸ ਸੱਚੇ 49
➢ ਧੋਖਾ ਦੇ ਕੇ ਵੱਸ ਗਈਂ 50
➢ ਦਿਲ ਮੇਰਾ ਲੈ ਗਈ ਕੱਢ ਕੇ 51
➢ ਇੱਕ ਫੁੱਲ ਪਿਆ ਬੋਲਦਾ 52
➢ ਸਿੰਘ ਸੂਰਮਾ 53
➢ ਨਾ ਵੇ ਰੱਬਾ ਇੰਜ ਨਾ ਕਰੀਂ 54
➢ ਮੈਂ ਤਾਂ ਦੇਖਿਆ 55
➢ ਡਰਦਾ ਕੋਈ ਨਾ ਛੂਵੇ 56
➢ ਸਾਡੇ ਕਾਲਜ ਚ ਫੰਕਸ਼ਨ 57
➢ ਤੱਕਦੇ ਨੇ ਚੜ੍ਹ ਕੇ ਚੁਬਾਰੇ 58
➢ ਇਹ ਤੇ ਕੁੜੀ ਏ ਕਮਾਲ 59
➢ ਦੁੱਖਾਂ ਦੀ ਝੜੀ ਦੇ ਵਿੱਚ 60
➢ ਨਹੀਂਓ ਰਹਿਣਾ ਏ ਕੱਲਾ 61
➢ ਲਾਹੌਰ ਨੂੰ ਜਾਂਦੇ ਵੀਰੋ 62
➢ ਅਸੀਂ ਐਵੇਂ ਜਿੰਦਗੀ ਨੂੰ 63
➢ ਨੀ ਤੈਨੂੰ ਤੱਕਦੇ ਨੂੰ 65
➢ ਮੇਰਾ ਜੀ ਕਰਦਾ 66
➢ ਪਿਆਸਾ ਬਣ ਆ ਜਾਈਂ ਚੰਨ ਵੇ 67
➢ ਕੇਹਾ ਰੋਗ ਇਸ਼ਕ ਦਾ 68
➢ ਮੈਂ ਇੱਕ ਕੁੜੀ ਨੂੰ 69
➢ ਤੇਰੇ ਲੱਕ ਦੇ ਹੁਲਾਰਿਆਂ ਤੇ 70

➢ ਮੈਂ ਮਿੱਟੀ ਦਾ ਬਾਵਾ 71
➢ ਜਿਹੜੇ ਖਤ ਤੂੰ ਪਾਉਂਦੀ 72
➢ ਨਖਰੇ ਨੇ ਜੱਗ ਤੋਂ 73
➢ ਜਾਹ ਨੀ ਬੇਰੋਜ਼ਗਾਰੀਏ 74
➢ ਤਾੜੀ ਇੱਕ ਹੱਥ ਨਾਲ 75
➢ ਸੱਚੇ ਸੁੱਚੇ ਬੰਦੇ ਦੀ 77
➢ ਨਾਂ ਤੇਰਾ ਪੰਜਾਬੀ 78
➢ ਮੇਰੇ ਦੇਸ਼ ਦੀ ਮਿੱਟੀਏ 79
➢ ਕੀਤਾ ਜੁਲਮ ਜਮਾਨੇ 80
➢ ਪੱਤਝੜ ਦੀ ਰੁੱਤ 81
➢ ਕੋਈ ਫਰਕ ਨਾ ਸਮਝੋ 82
➢ ਮਿਰਜ਼ਾ ਸਾਹਿਬਾਂ 83
➢ ਮੇਰਾ ਚੰਨ ਮੇਰੇ ਕੋਲੋਂ 84
➢ ਚੰਡੀਗੜ੍ਹ ਪੁਲਿਸ 86
➢ ਮੈਂ ਇਤਿਹਾਸ ਦਾ ਪੰਨਾ 87
➢ ਸੁਪਨਾ ਖੁੱਲ੍ਹੀ ਅੱਖ ਦਾ 88
➢ ਨਾਰਾਜ਼ ਵੀ ਨੀ ਹੋਣਾ 89
➢ ਸੁਪਨਿਆਂ ਦੀ ਦੁਨੀਆਂ 90
➢ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ 91
➢ ਜੋਬਨ ਰੁੱਤੇ ਪਿਆਰ 93
➢ ਯਾਦ ਤੇਰੀ ਆਉਂਦੀ 94
➢ ਇਸ਼ਕੇ ਦਾ ਇੱਕ ਬੁੱਲਾ 95
➢ ਮੇਰੇ ਘਰ ਦੀਆਂ ਕੰਧਾਂ 96
➢ ਮੈਂ ਹਾਂ ਇੱਕ ਇਨਸਾਨ *98*
➢ ਪੰਜਾਬੀਓ 101
➢ ਤੇਰੇ ਦੀਦ ਨੂੰ (ਕਵਾਲੀ) 102

# ਮੇਰੇ ਵੱਲੋਂ

ਇਹ ਗੀਤ ਸੰਗ੍ਰਹਿ "ਚਿੜੀਆਂ ਦਾ ਚੋਗ" ਮੇਰੀ ਪਹਿਲੀ ਕਿਤਾਬ ਹੈ। ਮੈਂ ਸ਼ੁਰੂ ਤੋਂ ਹੀ ਪੰਜਾਬੀ ਸੱਭਿਆਚਾਰ ਲਈ ਕੁੱਝ ਕਰਨ ਦਾ ਇੱਛੁਕ ਸੀ। ਮੈਂ ਪੰਜਾਬ ਦੇ ਦੁਆਬੇ ਇਲਾਕੇ ਦਾ ਜੰਮਪਲ ਹੋਣ ਕਰਕੇ ਪੇਂਡੂ ਸੱਭਿਆਚਾਰ ਤੋਂ ਬਹੁਤ ਪ੍ਰਭਾਵਤ ਹੋਇਆ। ਪਿੰਡਾਂ ਦੀ ਸਾਦਗੀ, ਅਮੀਰ ਵਿਰਾਸਤਾਂ, ਖੁੱਲੇ ਹੌਸਲੇ, ਦਰਿਆਵਾਂ ਵਰਗੇ ਜਿਗਰੇ, ਮਿਲਣਸਾਰ ਭਾਈਚਾਰਾ ਨੇ ਮੇਰੇ ਜੀਵਨ 'ਤੇ ਗਹਿਰਾ ਪ੍ਰਭਾਵ ਪਾਇਆ। ਪਿੰਡਾਂ ਦੇ ਮਿਹਨਤੀ ਲੋਕ, ਸੁੰਦਰ ਤੇ ਸਵੱਛ ਵਾਤਾਵਰਨ, ਗਰਮੀ ਅਤੇ ਸਰਦੀ ਦੀਆਂ ਰੁੱਤਾਂ, ਖੇਤਾਂ ਵਿੱਚ ਕੰਮ ਕਰਦੇ ਹਾਲੀ ਅਤੇ ਖੂਹ ਦੀਆਂ ਟਿੰਡਾਂ ਵਿੱਚੋਂ ਨਿੱਕਲਦਾ ਚਾਂਦੀ ਵਰਗਾ ਪਾਣੀ, ਤਿੱਖੜ ਦੁਪਹਿਰ ਵਿੱਚ ਤੂਤਾਂ ਦੀ ਛਾਂ ਹੇਠ ਤਾਛ ਖੇਡਦੇ ਬਜ਼ੁਰਗ ਇੱਕ ਵੱਖਰਾ ਨਜ਼ਾਰਾ ਪੇਸ਼ ਕਰਦੇ ਸਨ। ਇਹ ਗੱਲਾਂ ਭਾਵੇਂ ਅੱਜਕੱਲ ਅਲੋਪ ਹੁੰਦੀਆਂ ਜਾ ਰਹੀਆਂ ਹਨ ਪਰ ਮੇਰੇ ਜ਼ਿਹਨ ਵਿੱਚ ਅੱਜ ਵੀ ਪਿੰਡਾਂ ਦੀ ਇਹੋ ਤਸਵੀਰ ਉੱਕਰੀ ਸਾਹਮਣੇ ਆਉਂਦੀ ਹੈ।

ਡਾਕਟਰ ਅਸ਼ਵਨੀ ਕੁਮਾਰ ਨੇ ਪਿੰਡ ਐਮਾਂ ਜੱਟਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜੋ ਆਪਣਾ ਬਚਪਨ ਪਿੰਡ ਦੀਆਂ ਗਲ਼ੀਆਂ ਵਿੱਚ ਗੁਜ਼ਾਰਿਆ ਉਹ ਉਸ ਦੀ ਸੋਚ ਉੱਪਰ ਗਹਿਰੀ ਛਾਪ ਛੱਡ ਗਿਆ। 30 ਸਾਲਾਂ ਬਾਅਦ ਵੀ ਉਸਨੂੰ ਇੰਜ ਲਗਦਾ ਹੈ ਜਿਵੇਂ ਅੱਜ ਵੀ ਉਹ ਉਹਨਾਂ ਗਲ਼ੀਆਂ ਵਿੱਚੋਂ ਰੋਜ਼ਾਨਾ ਗੁਜ਼ਰਦਾ ਹੈ। ਸਾਡੇ ਪਿੰਡ ਉਦੋਂ ਸਿਰਫ ਪੰਜਵੀਂ ਤੱਕ ਸਕੂਲ ਹੁੰਦਾ ਸੀ। ਉਸ ਸਕੂਲ ਵਿੱਚ ਮੇਰੇ ਨਾਲ ਇੱਕ ਅਜਿਹੀ ਪਿਆਰੀ ਘਟਨਾ ਵਾਪਰੀ ਕਿ ਸ਼ੁਰੂ ਵਿੱਚ ਤਾਂ ਮੈਂ ਸਮਝ ਹੀ ਨਾ ਸਕਿਆ ਕਿ ਇਹ ਕੀ ਹੋਇਆ ਹੈ। ਉਮਰ ਨਿਆਣੀ ਹੋਣ ਕਰਕੇ ਅਸੀਂ ਉਹ ਸਜ਼ਾ ਵੀ ਭੁਗਤ ਲਈ ਜਿਸ ਦੇ ਅਸੀਂ ਗੁਨਾਹਗਾਰ ਵੀ ਨਹੀਂ ਸਾਂ। ਸਮਾਜ ਦੀਆਂ ਰੀਤਾਂ, ਜਾਤਾਂ-ਪਾਤਾਂ, ਝੂਠੀਆਂ ਸ਼ਾਨਾਂ ਅੱਗੇ ਅਸੀਂ ਬਲੀ ਦੇ ਬੱਕਰੇ ਬਣ ਗਏ। ਮੇਰੇ ਗੀਤਾਂ ਵਿੱਚ ਉਸ ਘਟਨਾ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ ਕਿਉਂਕਿ ਦਿਲ

ਵਿੱਚੋਂ ਇੱਕ ਟੀਸ ਉੱਭਰਦੀ ਹੈ ਅਤੇ ਕਾਗਜ਼ ਉੱਤੇ ਕਲਮ ਨਾਲ ਉਸਦਾ ਅਕਸ ਬਣਦਾ ਚਲਾ ਜਾਂਦਾ ਹੈ।

ਮੈਨੂੰ ਆਸ ਹੈ ਕਿ ਮੈਂ ਇਸ ਗੀਤ-ਸੰਗ੍ਰਹਿ ਦੁਆਰਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਨ ਦਾ ਜੋ ਉਪਰਾਲਾ ਕਰਨ ਦੀ ਕੋਸ਼ਿਸ਼ ਕੀਤੀ ਹੈ ਉਸ ਵਿੱਚ ਕਿਤੇ ਨਾ ਕਿਤੇ ਜ਼ਰੂਰ ਕਾਮਯਾਬ ਹੋਵਾਂਗਾ।

ਆਪ ਜੀ ਦੇ ਪਿਆਰ ਦੀ ਉਡੀਕ ਵਿੱਚ

ਡਾ. ਅਸ਼ਵਨੀ ਕੁਮਾਰ
16-ਏ, ਗਾਰਡਨ ਕਲੋਨੀ
ਸੈਕਟਰ-12, ਖਰੜ
ਜ਼ਿਲ੍ਹਾ ਅਜੀਤਗੜ੍ਹ (ਪੰਜਾਬ)

## ਦਾਤਾ ਬਖਸ਼ ਲਵੀਂ

ਦਾਤਾ ਬਖਸ਼ ਲਵੀਂ, ਬਖਸ਼ ਲਵੀਂ ਦਾਤਾਰ
ਕੀ ਬੱਚਾ, ਕੀ ਬੁੱਢਾ ਏਥੇ, ਕੀ ਗੱਭਰੂ ਮੁਟਿਆਰ
ਦਾਤਾ ਬਖਸ਼ ਲਵੀਂ, ਬਖਸ਼ ਲਵੀਂ ਦਾਤਾਰ

ਹਰ ਕੋਈ ਔਰਤ ਬੰਦਾ ਏਥੇ, ਤੇਰਾ ਨਾਮ ਧਿਆਉਂਦਾ ਏ
ਔਖੇ ਰਾਹ ਚੋਂ ਕੱਢ ਕੇ ਸਭ ਨੂੰ, ਸੌਖੇ ਰਾਹ ਤੂੰ ਪਾਉਂਦਾ ਏਂ
ਗੁਰੂ ਘਰਾਂ ਵਿੱਚ ਚਾਰੇ ਪਾਸੇ, ਤੇਰੀ ਹੁੰਦੀ ਜੈ-ਜੈਕਾਰ
ਦਾਤਾ ਬਖਸ਼ ਲਵੀਂ, ਬਖਸ਼ ਲਵੀਂ ਦਾਤਾਰ

ਤੇਰੇ ਇੱਕ ਇਸ਼ਾਰੇ ਤੋਂ ਬਿਨ, ਪੱਤਾ ਨਹੀਓਂ ਹਿੱਲਦਾ
ਰਹਿਮਤ ਹੋ ਜਾਵੇ ਜਿਸ ਉੱਤੇ, ਝੰਡਾ ਰਹਿੰਦਾ ਝੁੱਲਦਾ
ਸੱਚੇ ਬੰਦੇ ਦੀ ਬਣਦਾ ਏਂ, ਤੂੰ ਸੱਚੀ ਸਰਕਾਰ
ਦਾਤਾ ਬਖਸ਼ ਲਵੀਂ, ਬਖਸ਼ ਲਵੀਂ ਦਾਤਾਰ

ਐਮੇ ਵਾਲੇ ਅਸ਼ਨੀ ਨੇ ਤਾਂ, ਕੀਤੀ ਏ ਅਰਜੋਈ
ਚੰਗੇ ਮੰਦੇ ਸੱਭਨਾਂ ਦੇ ਵਿੱਚ, ਬੈਠਾ ਤੂੰ ਸਮੋਈ
ਫੇਰ ਵੀ ਹੱਥ ਜੋੜ ਕੇ ਕਹਿੰਦਾਂ, ਲਾ ਦੇ ਬੇੜਾ ਪਾਰ
ਦਾਤਾ ਬਖਸ਼ ਲਵੀਂ, ਬਖਸ਼ ਲਵੀਂ ਦਾਤਾਰ

***

## ਚਿੜੀਆਂ ਦਾ ਚੋਗ

ਕਿੱਥੇ ਗਿਆ ਨੀ ਮਾਏਂ ਮੇਰੀ ਚਿੜੀਆਂ ਦਾ ਚੋਗ
ਕਾਵਾਂ ਰੌਲ਼ੀ ਚਾਰ-ਚੁਫੇਰੇ, ਕਿੱਥੇ ਰਾਂਝਣ ਦਾ ਉਹ ਜੋਗ
ਨੀ ਕਿੱਥੇ ਗਿਆ, ਕਿੱਥੇ ਗਿਆ ਨੀ ਮਾਏਂ ਮੇਰੀ ਚਿੜਿਆਂ ਦਾ ਚੋਗ

ਚੌਲ਼ਾਂ ਦੀ ਫੱਕ ਘੁੱਗੀਆਂ ਖਾਵਣ, ਸ਼ਾਰਖਾਂ ਖਾਵਣ ਸੁੰਡੀਆਂ
ਚੱਕੀਰਾਹਾ ਪਾਣੀ ਚੋਂ ਕੱਢ ਕੇ, ਸੁੰਡ ਤੇ ਮਾਰੇ ਲੁੱਡੀਆਂ
ਮੰਡਰਾਉਂਦੀਆਂ ਤਿੱਤਲੀਆਂ ਸਰੋਂ ਦੇ ਫੁੱਲ ਤੇ
ਲੱਗਿਆ ਫੱਗਣ ਮਹੀਨੇ ਰੋਗ
ਨੀ ਕਿੱਥੇ ਗਿਆ, ਕਿੱਥੇ ਗਿਆ ਨੀ ਮਾਏਂ ਮੇਰੀ ਚਿੜਿਆਂ ਦਾ ਚੋਗ

ਹੰਸ ਹੰਸਣੀ ਮੋਤੀ ਚੁਗਦੇ, ਪੈਲਾਂ ਪਾਉਂਦੇ ਮੋਰ
ਤਿੱਤਰ ਅਤੇ ਬਟੇਰ ਖੇਤਾਂ ਵਿੱਚ, ਚੁਗਦੇ ਦਾਣਾ ਚੁਗਲਖੋਰ
ਉੱਡ-ਉੱਡ ਆਵੇ ਬਗਲਾ ਜਦ ਨੂੰ
ਹਲ਼ ਵਾਹੇ ਕੋਈ ਬੈਲ ਜੋਤ
ਨੀ ਕਿੱਥੇ ਗਿਆ, ਕਿੱਥੇ ਗਿਆ ਨੀ ਮਾਏਂ ਮੇਰੀ ਚਿੜਿਆਂ ਦਾ ਚੋਗ

ਪਿੰਡ ਐਮੇ ਵਿੱਚ ਹਲਟ ਪਏ ਚਲਦੇ, ਪਾਣੀ ਪੀਵਣ ਗਾਵਾਂ
ਛੱਪੜਾਂ ਦੇ ਵਿੱਚ ਮੱਝਾਂ ਨਾਵਣ, ਵੇਖ ਮਸਤ ਹੋ ਜਾਵਾਂ
ਛੱਲੀਆਂ ਨੇ ਹੁਣ ਪੂਣਾਂ ਕੱਤੀਆਂ
ਪਿਆ ਅੱਸੂ ਮਹੀਨੇ ਭੋਗ
ਨੀ ਕਿੱਥੇ ਗਿਆ, ਕਿੱਥੇ ਗਿਆ ਨੀ ਮਾਏਂ ਮੇਰੀ ਚਿੜਿਆਂ ਦਾ ਚੋਗ

***

## ਕੀ ਆਖ ਮੈਂ ਬੁਲਾਵਾਂ

ਜਦੋਂ ਅੱਖਾਂ ਕਰਾਂ ਬੰਦ, ਆ ਕੇ ਸਾਹਮਣੇ ਖਲੋਵੇ
ਨੈਣੀ ਨੀਂਦ ਨਾ ਆਵੇ, ਮਨ ਮੱਲੋ ਜੋਰੀ ਰੋਵੇ
ਕੋਈ ਸੁਣਦਾ ਨੀ ਹੂਕ, ਕੀਹਨੂੰ ਆਖ ਮੈਂ ਸੁਣਾਵਾਂ
ਮੈਨੂੰ ਸਮਝ ਨਾ ਆਵੇ, ਕੀ ਆਖ ਮੈਂ ਬੁਲਾਵਾਂ

ਨਿੱਕੀ ਜਿਹੀ ਉਮਰੇ ਹੀ, ਰੋਗ ਮੈਨੂੰ ਲਾ ਗਈ
ਛੋਟੀ ਜਿਹੀ ਗੱਲ ਕਹਿ ਕੇ, ਕਮਲੇ ਨੂੰ ਭਾ ਗਈ
ਸੀਨੇ ਬਾਲ ਗਈ ਏ ਭਾਂਬੜ, ਉਹਨੂੰ ਕਿੰਝ ਮੈਂ ਬੁਝਾਵਾਂ
ਮੈਨੂੰ ਸਮਝ ਨਾ ਆਵੇ, ਕੀ ਆਖ ਮੈਂ ਬੁਲਾਵਾਂ

ਗੋਲ ਗੋਲ ਨੈਣਾਂ ਵਿੱਚ, ਭਰੀਆਂ ਸ਼ਰਾਰਤਾਂ
ਸੱਚਾ ਸੀ ਪਿਆਰ ਮੇਰਾ, ਦਿਲ ਵਾਜਾਂ ਮਾਰਦਾ
ਉਹਦੀ ਦੀਦ ਬਾਝੋਂ ਮੈਂ ਤਾਂ, ਨਿੱਤ ਰੋਵਾਂ ਕੁਰਲਾਵਾਂ
ਮੈਨੂੰ ਸਮਝ ਨਾ ਆਵੇ, ਕੀ ਆਖ ਮੈਂ ਬੁਲਾਵਾਂ

ਐਮੇ ਵਾਲੇ ਅਸ਼ਨੀ ਨੂੰ, ਸਮਝ ਨਾ ਆਈ ਸੀ
ਕਮਲੇ ਜਿਹੇ ਦੇ ਉੱਤੋਂ, ਜਿੰਦ ਜਦੋਂ ਵਾਰੀ ਸੀ
ਰਹਾਂ ਕਰਦਾ ਉਡੀਕਾਂ, ਖਾਕ ਟਿੱਬਿਆਂ ਦੀ ਛਾਣਾਂ
ਮੈਨੂੰ ਸਮਝ ਨਾ ਆਵੇ, ਕੀ ਆਖ ਮੈਂ ਬੁਲਾਵਾਂ

***

## ਬੁੰਦੂ ਪੰਜਵੀਂ ਕਲਾਸ ਵਿੱਚੋਂ

ਸਾਰੀ ਸਾਰੀ ਰਾਤ ਰਿਹਾ ਕਰਦਾ ਪੜ੍ਹਾਈਆਂ
ਬਾਹਰ ਵੀ ਨਾ ਕਰੇ ਕਦੇ ਕਿਸੇ ਨਾ ਲੜਾਈਆਂ
ਮਾਪੇ ਕਹਿੰਦੇ ਮੁੱਛ ਦਾ ਸਵਾਲ ਹੋ ਗਿਆ
ਬੁੰਦੂ ਪੰਜਵੀਂ ਕਲਾਸ ਵਿੱਚੋਂ ਪਾਸ ਹੋ ਗਿਆ

ਟੀਚਰ ਸੀ ਕਹਿੰਦੇ ਮੁੰਡਾ ਰੱਜ ਕੇ ਸ਼ਰਾਰਤੀ
ਕਲਗੀ ਮੱਥੇ ਤੇ ਲਾ ਕੇ ਜਾਪੇ ਨਿਰਾ ਸਾਰਥੀ
ਹੈਟ੍ਰਿਕ ਮਾਰ ਉਹ ਕਮਾਲ ਹੋ ਗਿਆ
ਬੁੰਦੂ ਪੰਜਵੀਂ ਕਲਾਸ ਵਿੱਚੋਂ ਪਾਸ ਹੋ ਗਿਆ

ਵਾਲ਼ਾਂ ਵਿੱਚ ਰੱਖਦਾ ਸੀ ਜੈੱਲ ਨੂੰ ਲਗਾ ਕੇ
ਤੰਗ ਜਿਹੀ ਜੀਨ ਨਾਲ ਬੂਟਾਂ ਨੂੰ ਸਜਾ ਕੇ
ਕਿਸੇ ਅੱਖ ਮਸਤਾਨੀ ਦਾ ਸ਼ਿਕਾਰ ਹੋ ਗਿਆ
ਬੁੰਦੂ ਪੰਜਵੀਂ ਕਲਾਸ ਵਿੱਚੋਂ ਪਾਸ ਹੋ ਗਿਆ

ਅਸ਼ਰਾਜ ਦੇ ਸਕੂਲ ਵਿੱਚ ਰਹਿੰਦੇ ਸੀਗੇ ਚਰਚੇ
ਬੁੰਦੂ ਦਾ ਭਰਾ ਤਾਂ ਨਿੱਕੀ ਗੱਲ ਉੱਤੇ ਭੜਕੇ
ਹੁਣ ਭਾਜੀ-ਭਾਜੀ ਕਹਿੰਦਿਆਂ ਪਿਆਰ ਹੋ ਗਿਆ
ਬੁੰਦੂ ਪੰਜਵੀਂ ਕਲਾਸ ਵਿੱਚੋਂ ਪਾਸ ਹੋ ਗਿਆ

***

## ਮੇਰੀ ਕੋਈ ਪੇਸ਼ ਨਾ ਚੱਲੇ

ਬੇਬੇ ਕਹਿੰਦੀ ਗੱਲ ਸੁਣ ਪੁੱਤਾ, ਨੂੰਹ ਰਹਿੰਦੀ ਮੇਰੀ ਤੱਤੀ
ਜੇ ਮੈਂ ਆਖਾਂ ਖੰਡ ਪਾਉਣ ਨੂੰ, ਪਾ ਦੇਂਦੀ ਵਿੱਚ ਪੱਤੀ
ਆਂਢ-ਗੁਆਂਢ ਵੀ ਗੱਲਾਂ ਕਰਦਾ, ਕਹਿੰਦੀ ਮੈਨੂੰ ਕਪੱਤੀ
ਤਿੰਨ ਨੂੰਹਾਂ ਮੇਰੇ ਹੋਰ ਵੀ ਘਰ ਨੇ, ਸੱਭ ਤੇ ਹੁਕਮ ਚੱਲੇ
ਮੈਂ ਵੀ ਆਖ ਆਇਆਂ ਆਂ, ਮੇਰੀ ਕੋਈ ਪੇਸ਼ ਨਾ ਚੱਲੇ

ਇੱਕ ਆਖਾਂ ਅੱਗੋਂ ਦਸ ਸੁਣਾਵੇ, ਪਤਾ ਨਹੀਂ ਕੀਹਤੋਂ ਸਿੱਖੀ
ਘਰ ਵਿੱਚ ਇਹ ਹੈ ਸੱਭ ਤੋਂ ਨਿੱਕੀ, ਪਰ ਓਨੀ ਹੀ ਹੈ ਤਿੱਖੀ
ਬੁੜ-ਬੁੜ ਕਰਦੀ ਕਰੇ ਇਸ਼ਾਰੇ, ਬਿਨ ਐਨਕ ਤੋਂ ਨਾ ਦਿੱਖੀ
ਕਹਿੰਦੀ ਨੂੰ ਮੈਂ ਸੁਣਿਆ ਕੰਨੀ, ਲਾਹ ਦਿਓ ਮੇਰੇ ਛੱਲੇ
ਮੈਂ ਵੀ ਆਖ ਆਇਆਂ ਆਂ, ਮੇਰੀ ਕੋਈ ਪੇਸ਼ ਨਾ ਚੱਲੇ

ਨਨਾਣ ਏਹਦੀ ਵੀ ਗੱਲ ਕਰਦੀ ਸੀ
ਨਿੱਕੀ ਭਾਬੀ ਤਾਂ ਕਿਸੇ ਤੋਂ ਨਹੀਂ ਡਰਦੀ ਸੀ
ਹੋਰ ਕਿਸੇ ਦਾ ਹਾਲ ਨਾ ਪੁੱਛੇ, ਬੱਸ ਪੇਕਿਆਂ ਦੀ ਗੱਲ ਪਈ ਕਰਦੀ ਸੀ
ਦੁੱਖ ਸੁੱਖ ਦੇ ਵਿੱਚ ਸਾਥ ਨਾ ਬਣਦੀ, ਹਾਸੇ ਦਾ ਪਿੜ ਮੱਲੇ
ਮੈਂ ਵੀ ਆਖ ਆਇਆਂ ਆਂ, ਮੇਰੀ ਕੋਈ ਪੇਸ਼ ਨਾ ਚੱਲੇ

ਗੱਲ ਸੁਣ ਲੈ ਬੇਬੇ ਤੂੰ ਮੇਰੀ, ਐਨੀ ਨਹੀਂ ਵਹੁਟੀ ਮਾੜੀ ਮੇਰੀ
ਆਂਢ-ਗੁਆਂਢ ਦੀ ਗੱਲ ਤੂੰ ਕਰਦੀ, ਸ਼ਰੀਕ ਤਾਂ ਹੁੰਦਾ ਸੱਭ ਦਾ ਵੈਰੀ
ਦੜ ਵੱਟ ਕੇ ਤੂੰ ਟਾਈਮ ਟਪਾ ਲੈ, ਕਿਉਂ ਕਰਦੀ ਏਂ ਹੇਰਾ ਫੇਰੀ
ਲੱਖ ਹੋਣਗੀਆਂ ਸੋਹਣੀਆਂ ਸੱਸੀਆਂ, ਸੱਭ ਨੇ ਉਹਤੋਂ ਥੱਲੇ
ਮੈਂ ਵੀ ਆਖ ਆਇਆਂ ਆਂ, ਮੇਰੀ ਕੋਈ ਪੇਸ਼ ਨਾ ਚੱਲੇ

***

## ਕੋਠੇ ਚੜ੍ਹ ਤੱਕਾਂਗੇ

ਮੁੰਡਾ- ਵੀਰ ਮੇਰੇ ਦਾ ਵਿਆਹ ਕਰਵਾ ਦੇ
ਸੱਸ ਆਪਣੀ ਦੀ ਗੱਲ ਪੁਗਾ ਦੇ
ਫੁਲਝੜੀ ਸਾਡੇ ਘਰ ਲਿਆ ਦੇ ਰੋਜ਼ ਪਟਾਕਾ ਚੱਲੇ
ਕੋਠੇ ਚੜ੍ਹ ਤੱਕਾਂਗੇ, ਜਦ ਵੀਰ ਭਰਜਾਈ ਨੱਚੇ

ਕੁੜੀ- ਦਿਓਰ ਮੇਰਾ ਤੰਗ ਕਰਦਾ ਰਹਿੰਦਾ
ਨਿੱਤ ਮੇਰੇ ਨਾਲ ਲੜਦਾ ਰਹਿੰਦਾ
ਕਹਿੰਦਾ ਭਾਬੀਏ ਭੈਣ ਆਪਣੀ ਨਾਲ ਕਰਦੇ ਟਾਂਕਾ ਫਿੱਟ ਨੀ
ਮੇਰੀ ਭੈਣ ਤਾਂ ਹਾਲੇ, ਕਰਦੀ ਆ ਡੀ-ਲਿੱਟ ਨੀ

ਮੁੰਡਾ- ਐਨਾ ਪੜ੍ਹ ਕੇ ਭਲਾ ਕੀ ਹੈ ਲੈਣਾ
ਸੱਭ ਨੇ ਰੋਟੀ ਖਾ ਕੇ ਸੌਣਾ
ਫੌਜੀ ਜਰਨੈਲ ਤੇਰੇ ਦਿਓਰ ਦੀ ਸਾਰੀ ਪਲਟਣ ਥੱਲੇ
ਕੋਠੇ ਚੜ੍ਹ ਤੱਕਾਂਗੇ, ਜਦ ਵੀਰ ਭਰਜਾਈ ਨੱਚੇ

ਕੁੜੀ- ਭੈਣ ਮੇਰੀ ਹੈ ਬੜੀ ਹੀ ਸਾਊ
ਮਾਂ ਪਿਓ ਲੱਭਦੇ ਵਰ ਕਮਾਊ
ਸਾਲ ਪਿੱਛੋਂ ਏਹਨੇ ਛੁੱਟੀ ਆਉਣਾ, ਮੇਰੀ ਭੈਣ ਲਈ ਨਹੀਓਂ ਫਿੱਟ ਨੀ
ਮੇਰੀ ਭੈਣ ਤਾਂ ਹਾਲੇ, ਕਰਦੀ ਆ ਡੀ-ਲਿੱਟ ਨੀ

ਮੁੰਡਾ- ਫੌਜਣਾਂ ਦਾ ਵੀ ਰੋਅਬ ਵਥੇਰਾ
ਸਲੂਟ ਮਾਰਦੇ ਹੀ ਚੜ੍ਹੂ ਸਵੇਰਾ
ਕਿਲਕਾਰੀਆਂ ਮਾਰਦੇ ਭੱਜਣਗੇ ਜਦ ਬੱਚੇ ਉੱਪਰ ਥੱਲੇ
ਕੋਠੇ ਚੜ੍ਹ ਤੱਕਾਂਗੇ, ਜਦ ਵੀਰ ਭਰਜਾਈ ਨੱਚੇ

ਕੁੜੀ- ਤੇਰੀ ਵੀ ਤਾਂ ਲਗਦੀ ਸਾਲੀ
ਤੁਹੀਓਂ ਗੱਲ ਕਰ ਉਹਦੇ ਨਾਲ ਸਾਰੀ
ਮੰਨਦੀ ਤਾਂ ਮਨਾ ਲੈ ਅਸ਼ਨੀ ਮੇਰੇ ਵਲੋਂ ਤਾਂ ਯੈੱਸ ਨੀ
ਮੇਰੀ ਭੈਣ ਤਾਂ ਹਾਲੇ, ਕਰਦੀ ਆ ਡੀ ਲਿੱਟ ਨੀ

***

## ਮੈਂ ਤਾਂ ਰਿਹਾ ਕੰਢੇ ਖੜਾ

ਚੇਤਕ ਤੋਂ ਬਾਅਦ ਯਾਮਾਹਾ ਲਿਆ ਸੀ ਜ਼ਰੂਰ
ਵਾਲ਼ਾਂ ਦਾ ਸਟਾਈਲ ਵੀ ਬਣਾਇਆ ਸੀ ਹਜ਼ੂਰ
ਮੇਰੇ ਪਹਿਲੇ ਹੀ ਸੁਨੇਹੇ ਉਹ ਤਿਆਰ ਹੋ ਗਈ
ਮੈਂ ਤਾਂ ਰਿਹਾ ਕੰਢੇ ਖੜ੍ਹਾ, ਉਹ ਤਾਂ ਗੈਰਾਂ ਵਾਲੀ ਕਿਸ਼ਤੀ ਚ ਸਵਾਰ ਹੋ ਗਈ

ਜਾਣਦੀ ਸੀ ਕਿੰਨਾ ਮੈਂ ਤਾਂ ਕਰਦਾ ਪਿਆਰ ਸੀ
ਚੰਦਰਿਆਂ ਨੋਟਾਂ ਬਿਨਾਂ ਸੱਭ ਬੇਕਾਰ ਸੀ
ਤੱਕੜੀ ਦੇ ਵਿੱਚ ਉਹਨੇ ਤੋਲਿਆ ਸੀ ਮੈਨੂੰ
ਕੱਖੋਂ ਹੌਲਾ ਉਹ ਤਾਂ ਮੇਰਾ ਪਿਆਰ ਕਰ ਗਈ
ਮੈਂ ਤਾਂ ਰਿਹਾ ਕੰਢੇ ਖੜਾ ……

ਉਹਦੀ ਇੱਕ ਝਲਕ ਨੂੰ ਮੈਂ ਰਹਿੰਦਾ ਬੇਕਰਾਰ ਸੀ
ਕਮਲ਼ੀ ਨੇ ਕੀਤਾ ਮੇਰੇ ਦਿਲ ਉੱਤੇ ਵਾਰ ਸੀ
ਛੱਡ ਗਈ ਤੜਫ਼ਦੇ ਸਹਿਕਦੇ ਨੂੰ ਮੈਨੂੰ
ਖੰਡ ਮਿਸ਼ਰੀ ਤੋਂ ਤਿੱਖੀ ਉਹ ਕਟਾਰ ਹੋ ਗਈ
ਮੈਂ ਤਾਂ ਰਿਹਾ ਕੰਢੇ ਖੜਾ ……

ਐਮੇ ਵਿੱਚ ਰਾਂਝਾ ਮੈਂ ਤਾਂ ਕਹਿ ਕੇ ਅਖਵਾਉਂਦਾ ਸੀ
ਹੀਰੀਏ ਤੂੰ ਧੋਖਾ ਦੇ ਗਈ ਪਿੱਛੋਂ ਪਛਤਾਉਂਦਾ ਸੀ
ਹੋ ਗਈ ਲਾ ਲਾ ਲਾ ਲਾ ਸਾਰੇ ਪਿੰਡ ਵਿੱਚ ਮੇਰੀ
ਸੀਨੇ ਮੇਰੇ ਨੂੰ ਤੂੰ ਚੀਰ ਤਾਰੋ ਤਾਰ ਕਰ ਗਈ
ਮੈਂ ਤਾਂ ਰਿਹਾ ਕੰਢੇ ਖੜਾ ……

***

## ਦਿਲ ਧੜਕ ਧੜਕ ਜਾਵੇ

ਕਾਲਜ ਨੂੰ ਜਾਵੇਂ ਨਿੱਤ ਨਵਾਂ ਸੂਟ ਪਾ ਕੇ
ਇਤਰ ਫਲੇਲਾਂ ਨਾਲ ਚੰਗੀ ਤਰ੍ਹਾਂ ਨ੍ਹਾ ਕੇ
ਹੌਂਡਾ ਐਕਟਿਵਾ ਦੀ ਛੱਡੀ ਫੁੱਲ ਸਪੀਡ ਹੁੰਦੀ ਆ
ਦਿਲ ਧੜਕ ਧੜਕ ਜਾਵੇ, ਆਸ਼ਕਾਂ ਦੀ ਜਾਨ ਸੂਲੀ ਟੰਗੀ ਹੁੰਦੀ ਆ

ਗੋਲ਼ ਤੇਰਾ ਮੁੱਖ ਉੱਤੋਂ ਅੱਖਾਂ ਵੀ ਨੇ ਗੋਲ਼ ਨੀ
ਖੌਰੇ ਕੀਹਤੋਂ ਸਿੱਖੀ ਸੋਹਣੀ ਚੱਲਣੀ ਤੂੰ ਤੋਰ ਨੀ
ਮਰਦਾਂ ਆਂ ਮੈਂ ਤਾਂ ਸੋਹਣੀਏ ਨੀ ਤੇਰੇ ਉੱਤੇ
ਜਿਹੜੀ ਚਿਹਰੇ ਉੱਤੇ ਖਿੜੀ ਮੁਸਕਾਨ ਹੁੰਦੀ ਆ
ਦਿਲ ਧੜਕ ਧੜਕ ਜਾਵੇ, ਆਸ਼ਕਾਂ ਦੀ ਜਾਨ ਸੂਲੀ ਟੰਗੀ ਹੁੰਦੀ ਆ

ਇੱਕ ਦਿਨ ਆਈ ਸੀ ਤੂੰ ਸਾਡੇ ਨੀ ਗੁਆਂਢ ਵਿੱਚ
ਮੰਜੀ ਡਾਹ ਕੇ ਬੈਠ ਗਿਆ ਤੂਤਾਂ ਦੀ ਮੈਂ ਛਾਂ ਹੇਠ
ਜਾਣ ਵੇਲੇ ਤੱਕਿਆ ਤੂੰ ਅੱਖਾਂ ਭਰ ਮੈਨੂੰ
ਜਿਵੇਂ ਦਿਲ ਤੋਂ ਫਤਿਹ ਬੁਲਾਈ ਹੁੰਦੀ ਆ
ਦਿਲ ਧੜਕ ਧੜਕ ਜਾਵੇ, ਆਸ਼ਕਾਂ ਦੀ ਜਾਨ ਸੂਲੀ ਟੰਗੀ ਹੁੰਦੀ ਆ

ਗੱਲਾਂ ਕਰਦਿਆਂ ਮੈਂ ਤਾਂ ਸੁਣਿਆ ਸੀ ਤੈਨੂੰ ਨੀ
ਜਾਣਾ ਪੈਣਾ ਪਿੰਡ ਐਮੇ ਇੱਕ ਦਿਨ ਮੈਨੂੰ ਨੀ
ਬਣ ਅਸ਼ਨੀ ਦੀ ਹੂਰ ਕਰ ਪਿਆਰ ਨੂੰ ਕਬੂਲ
ਜਿਹਨੇ ਰਾਹਾਂ ਵਿੱਚ ਤੇਰੇ ਕੁੰਡੀ ਪਾਈ ਹੁੰਦੀ ਆ
ਦਿਲ ਧੜਕ ਧੜਕ ਜਾਵੇ, ਆਸ਼ਕਾਂ ਦੀ ਜਾਨ ਸੂਲੀ ਟੰਗੀ ਹੁੰਦੀ ਆ

***

## ਪਿੰਡ ਦੀ ਮੁੰਡੀਰ

ਚਿੱਟਾ ਚਾਦਰਾ ਤੇ ਕੁੜਤੀ ਵੀ ਸੂਤ ਦੀ
ਲੰਘੇ ਜਿੱਧਰੋਂ ਦੀ ਹਵਾ ਜਾਂਦੀ ਸ਼ੂਕਦੀ
ਸੰਮਾਂ ਵਾਲ਼ੀ ਡਾਂਗ ਰੱਖੀ ਮੋਢੇ ਉੱਤੇ ਫਿਰਦਾ
ਪੈਰੀਂ ਪਾਈ ਸੋਹਣੀ ਜੁੱਤੀ ਤਿੱਲੇਦਾਰ ਬੇਲੀਓ
ਪਿੰਡ ਦੀ ਮੁੰਡੀਰ ਪਿੱਛੇ ਤੱਕਦੀ ਰਹਿ ਜਾਂਦੀ,
ਜਦੋਂ ਲੰਘੇ ਉਹ ਖੰਘੂਰਾ ਮਾਰ ਬੇਲੀਓ

ਸੋਹਣਾ ਹੈ ਸਰੀਰ ਅਤੇ ਬੌਡੀ ਵੀ ਹੈ ਫਿੱਟ ਬਈ
ਬੇਬੇ ਬਾਪੂ ਦੀ ਤਾਂ ਜੋੜੀ ਸਾਰੇ ਪਿੰਡ ਹਿੱਟ ਬਈ
ਸੋਨੇ ਦੀਆਂ ਨੱਤੀਆਂ ਚਮਕਣ ਕੰਨਾਂ ਵਿੱਚ
ਜਿਵੇਂ ਫੁੱਲਾਂ ਉੱਤੇ ਪਈ ਹੋਵੇ ਓਸ ਬਈ ਬੇਲੀਓ
ਪਿੰਡ ਦੀ ਮੁੰਡੀਰ ......

ਸੁਬਹ ਉੱਠ ਨਾਮ ਜਪ ਲੱਸੀ ਦਾ ਜੱਗ ਪੀਂਦੇ ਨੇ
ਆਥਣਾਂ ਤਈਂ ਭੋਂਇ ਦੇ ਪੂਰੇ ਪੱਚੀ ਕਿੱਲੇ ਵਾਹੁੰਦੇ ਨੇ
ਕੰਮ ਵਿੱਚ ਸੱਭਨਾ ਨੂੰ ਕਰ ਦਿੰਦੇ ਫਾਡੀ
ਪੱਠੇ ਵੱਢ ਭਰ ਲੈਂਦੇ ਗੱਡ ਬਈ ਬੇਲੀਓ
ਪਿੰਡ ਦੀ ਮੁੰਡੀਰ ......

ਜਵਾਨੀ ਚ ਦਿਖਾਏ ਉਹਨਾਂ ਬੜੇ ਹੀ ਨੇ ਜੌਹਰ
ਐਮੇ ਦੇ ਪਿੰਡਾਂ ਚ ਅਸ਼ਰਾਜ਼ ਦੀ ਹੀ ਟੌਹਰ
ਹੱਥ ਜੋੜ ਲੋਕੀਂ ਰੱਜ ਫਤਿਹ ਨੇ ਬੁਲਾਉਂਦੇ
ਲੈਂਦੇ ਸਭਨਾਂ ਦਾ ਦਿਲ ਬੱਸ ਜਿੱਤ ਬਈ ਬੇਲੀਓ
ਪਿੰਡ ਦੀ ਮੁੰਡੀਰ ......

***

## ਤੇਰੀ ਚੁੰਨੀ ਨੂੰ ਸਜਾਉਣਾ

ਤੇਰੇ ਚੰਨ ਜਿਹੇ ਮੁਖੜੇ ਤੇ ਬੁੱਲੀਆਂ ਗੁਲਾਬੀ
ਜਿਵੇਂ ਆਈ ਹੋਵੇ ਪਰੀ ਪਾ ਕੇ ਸੂਟ ਅਨਾਭੀ
ਤੂੰ ਤਾਂ ਕਰਤੇ ਸ਼ੁਦਾਈ ਮੁੰਡੇ ਸ਼ਹਿਰ ਦੇ ਨੀ ਸਾਰੇ
ਤੇਰੀ ਚੁੰਨੀ ਨੂੰ ਸਜਾਉਣਾ ਲਾ ਕੇ ਅੰਬਰਾਂ ਦੇ ਤਾਰੇ

ਤੇਰਾ ਬੋਲ ਇੰਜ ਜਾਪੇ ਜਿਵੇਂ ਪੁਰੇ ਦੀ ਹਵਾ
ਮੁੰਡਿਆਂ ਦੇ ਦਿਲਾਂ ਉੱਤੇ ਜਾਦੂ ਲੈਂਦੀ ਪਾ
ਰਹਿੰਦੇ ਭਰਦੇ ਨੇ ਹਉਕੇ ਮੁੰਡੇ ਗੱਭਰੂ ਕੁਆਰੇ
ਤੇਰੀ ਚੁੰਨੀ ਨੂੰ ਸਜਾਉਣਾ ਲਾ ਕੇ ਅੰਬਰਾਂ ਦੇ ਤਾਰੇ

ਨੈਣ ਨੇ ਨਸ਼ੀਲੇ ਵਿੱਚ ਕੱਜਲੇ ਦੀ ਧਾਰ
ਜੀਹਦੇ ਵੱਲ ਤੱਕੇ ਉਹ ਤਾਂ ਮੰਗੇ ਤੇਰਾ ਪਿਆਰ
ਕੰਮ ਛੱਡ ਸੋਚਦੇ ਰਹਿੰਦੇ ਨੇ ਤੇਰੇ ਬਾਰੇ
ਤੇਰੀ ਚੁੰਨੀ ਨੂੰ ਸਜਾਉਣਾ ਲਾ ਕੇ ਅੰਬਰਾਂ ਦੇ ਤਾਰੇ

ਅਸ਼ਨੀ ਦੇ ਦਿਲ ਉੱਤੇ ਕਰ ਗਈਂ ਏ ਵਾਰ
ਕਮਲੇ ਜਿਹੇ ਨੇ ਲਿਖੇ ਗੀਤ ਕਈ ਹਜ਼ਾਰ
ਚਰਚਾ ਚ ਰਹਿੰਦੇ ਮੁੰਡੇ ਐਮੇ ਦੇ ਨੇ ਸਾਰੇ
ਤੇਰੀ ਚੁੰਨੀ ਨੂੰ ਸਜਾਉਣਾ ਲਾ ਕੇ ਅੰਬਰਾਂ ਦੇ ਤਾਰੇ

***

## ਮੈਨੂੰ ਜਿਵੇਂ ਪਿਆਰ ਹੋ ਗਿਆ

ਕੁੜੀ– ਕਾਲਜ ਚ ਸਾਡੇ ਇੱਕ ਗੱਭਰੂ ਜਵਾਨ
ਸੋਹਣੀ ਤੇ ਸੁਨੱਖੀ ਮੈਂ ਵੀ ਸਿਰੇ ਦੀ ਰਕਾਨ
ਪਹਿਲੀ ਨਜ਼ਰੇ ਹੀ ਮੈਨੂੰ ਉਹ ਪਸੰਦ ਆ ਗਿਆ
ਦਿਲ ਹੱਸੇ ਕਦੇ ਰੋਵੇ, ਲਗਦਾ ਏ ਮੈਨੂੰ ਜਿਵੇਂ ਪਿਆਰ ਹੋ ਗਿਆ

ਮੁੰਡਾ– ਕਾਲਜ ਚ ਸਾਡੇ ਇੱਕ ਕੁੜੀ ਮੁਟਿਆਰ
ਨੈਣ ਨੇ ਨਸ਼ੀਲੇ ਕਰੇ ਦਿਲਾਂ ਉੱਤੇ ਵਾਰ
ਪਹਿਲੀ ਤੱਕਣੀ ਚ ਸਾਡੀ ਪਹਿਚਾਣ ਬਣ ਗਈ
ਮੈਨੂੰ ਪਤਾ ਈ ਨਾ ਲੱਗਾ, ਕਦੋਂ ਮੇਰੇ ਦਿਲ ਵਿੱਚ ਉਹਦੀ ਥਾਂ ਬਣ ਗਈ

ਕੁੜੀ– ਗੱਭਰੂ ਪੰਜਾਬੀ ਬੰਨ੍ਹੇ ਪੱਗ ਸੋਹਣੀ ਪੋਚਵੀਂ
ਖਾਲੀ ਪੀਰੜ ਚ ਬਸ ਮੈਂ ਤਾਂ ਉਹਦੇ ਬਾਰੇ ਸੋਚਦੀ
ਸਹੇਲੀਆਂ ਨੇ ਦੇਖਿਆ ਸੀ ਚਾਣਚੱਕ ਜਦੋਂ,
ਕਾਪੀ ਉੱਤੇ ਨਾਂ ਉਹਦਾ ਲਿਖਿਆ ਗਿਆ
ਦਿਲ ਹੱਸੇ ਕਦੇ ਰੋਵੇ, ਲਗਦਾ ਏ ਮੈਨੂੰ ਜਿਵੇਂ ਪਿਆਰ ਹੋ ਗਿਆ

ਮੁੰਡਾ– ਉਂਗਲਾਂ ਤੇ ਜਾਵੇ ਉਹ ਤਾਂ ਛੱਲੇ ਨੂੰ ਘੁਮਾਈ
ਦਿਲ ਨੂੰ ਤਾਂ ਜਾਵੇ ਉਹ ਤਾਂ ਹੋਰ ਤੜਫਾਈ
ਸਭ ਜਾਣਦੀ ਹੋਈ ਵੀ ਅਣਜਾਣ ਬਣ ਗਈ
ਮੈਨੂੰ ਪਤਾ ਈ ਨਾ ਲੱਗਾ, ਕਦੋਂ ਮੇਰੇ ਦਿਲ ਵਿੱਚ ਉਹਦੀ ਥਾਂ ਬਣ ਗਈ

ਕੁੜੀ– ਵਾਲ਼ ਮੈਂ ਵਧਾ ਕੇ ਜਦ ਗੁੱਤ ਕਰੂੰ ਲੰਬੀ ਵੇ
ਗੋਟੇ ਵਾਲ਼ੀ ਚੁੰਨੀ ਮੇਰੇ ਸਿਰ ਉੱਤੇ ਫੱਬੂ ਵੇ
ਸਿਹਰੇ ਬੰਨ ਆਉਣਾ ਓਹਨੇ ਸਾਡੇ ਹੀ ਗਰਾਂ,
ਸੋਚ ਸੋਚ ਦਿਲ ਮੇਰਾ ਠਰਦਾ ਪਿਆ
ਦਿਲ ਹੱਸੇ ਕਦੇ ਰੋਵੇ, ਲਗਦਾ ਏ ਮੈਨੂੰ ਜਿਵੇਂ ਪਿਆਰ ਹੋ ਗਿਆ

ਮੁੰਡਾ–  ਯਾਰਾਂ ਦੋਸਤਾਂ ਦੇ ਵਿੱਚ ਇੱਕੋ ਗੱਲ ਉੱਡ ਗਈ
ਕਾਲਜ ਦੀ ਸੋਹਣੀ ਕੁੜੀ ਅਸ਼ਨੀ ’ਤੇ ਡੁੱਲ ਗਈ
ਬਣਿਆ ਸੀ ਰਾਂਝਾ ਮੈਂ ਤਾਂ ਉਹਦੇ ਹੀ ਪਿਆਰ ਵਿੱਚ,
ਉਹ ਵੀ ਹੁਣ ਮੇਰੀ ਜੱਟੀ ਹੀਰ ਬਣ ਗਈ
ਮੈਨੂੰ ਪਤਾ ਈ ਨਾ ਲੱਗਾ, ਕਦੋਂ ਮੇਰੇ ਦਿਲ ਵਿੱਚ ਉਹਦੀ ਥਾਂ ਬਣ ਗਈ

***

## ਰੱਬ ਕਿਹੜੇ ਵੇਲ਼ੇ

ਇੱਕ ਕੁੜੀ ਦੇਖੀ ਯਾਰੋ ਖੰਡ ਦਾ ਖੇਡਣਾ
ਭੁੱਲ ਗਿਆ ਮੈਂ ਤਾਂ ਅੱਗੇ ਪਿੱਛੇ ਵੀ ਦੇਖਣਾ
ਜਦੋਂ ਨਜ਼ਰਾਂ ਨੂੰ ਓਸ ਨੇ ਘੁਮਾਇਆ
ਮੈਂ ਸਾਰੀ ਵਾਟ ਰਿਹਾ ਸੋਚਦਾ, ਰੱਬ ਕਿਹੜੇ ਵੇਲ਼ੇ ਓਸ ਨੂੰ ਬਣਾਇਆ

ਪਰੀਆਂ ਦੇ ਵਾਂਗੂੰ ਉਹ ਤਾਂ ਉੱਡਦੀ ਜਾਪੇ
ਫੁੱਲਾਂ ਵਾਂਗ ਖੁਸ਼ਬੂ ਉਹ ਛੱਡਦੀ ਪਈ ਜਾਪੇ
ਜਦੋਂ ਸਿਰ ਵਾਲ਼ਾ ਪੱਲੂ ਲਹਿਰਾਇਆ
ਮੈਂ ਸਾਰੀ ਵਾਟ ਰਿਹਾ ਸੋਚਦਾ, ਰੱਬ ਕਿਹੜੇ ਵੇਲ਼ੇ ਓਸ ਨੂੰ ਬਣਾਇਆ

ਪੰਖੜੀਆਂ ਵਾਂਗੂੰ ਉਹਦੇ ਚਮਕਣ ਗੱਲ੍ਹ ਨੀ
ਜਾਦੂ ਕਰ ਲੈਂਦੀ ਜੀਹਦੇ ਵੱਲ਼ ਲੈਂਦੀ ਤੱਕ ਨੀ
ਹਾਸਾ ਹੱਸ ਕੇ ਸੀ ਓਸ ਦਿਖਲਾਇਆ
ਮੈਂ ਸਾਰੀ ਵਾਟ ਰਿਹਾ ਸੋਚਦਾ, ਰੱਬ ਕਿਹੜੇ ਵੇਲ਼ੇ ਓਸ ਨੂੰ ਬਣਾਇਆ

ਲੰਘੀ ਮੇਰੇ ਕੋਲੋਂ ਜਦੋਂ ਹੋਸ਼ ਮੇਰੇ ਉੱਡ ਗਏ
ਐਮੇ ਵਾਲ਼ੇ ਪਿੰਡ ਦੇ ਵੀ ਰਾਹ ਮੈਨੂੰ ਭੁੱਲ ਗਏ
ਫਿਰ ਇਸ਼ਾਰੇ ਨਾਲ ਓਸ ਸਮਝਾਇਆ
ਮੈਂ ਸਾਰੀ ਵਾਟ ਰਿਹਾ ਸੋਚਦਾ ਰੱਬ ਕਿਹੜੇ ਵੇਲ਼ੇ ਓਸ ਨੂੰ ਬਣਾਇਆ

***

## ਬੀ ਏ ਦੀ ਪੜ੍ਹਾਈ

ਮੁੰਡਾ– ਅੱਖ ਦੱਬ ਕੇ ਤੇ ਮੁੱਛ ਨੂੰ ਮਰੋੜ ਕੇ
ਕੁੜੀ ਦਾ ਦਿਲ ਬੁੱਝ ਲੈਨੇ ਆਂ
ਦਿਲ ਮਿਲਦਾ ਤਾਂ ਹੱਸ ਨੀਵੀਂ ਪਾ ਲਈਂ
ਨਹੀਂ ਤਾਂ ਅਸੀਂ ਚੱਲ ਪੈਨੇ ਆਂ

ਕੁੜੀ– ਗੱਲ ਸੁਣ ਲੈ ਸ਼ਕੀਨਾ ਹੁਣ ਮੇਰੀ
ਨਹੀਓਂ ਚੱਲਣੀ ਆਸ਼ਕੀ ਤੇਰੀ
ਸਾਰਾ ਪਿੰਡ ਸ਼ੱਕ ਕਰਦਾ
ਬੀ ਏ ਦੀ ਪੜ੍ਹਾਈ ਵਿੱਚੇ ਛੱਡਣੇ ਨੂੰ ਮੇਰਾ ਦਿਲ ਨਹੀਓਂ ਕਰਦਾ

ਮੁੰਡਾ– ਸੌ ਕਿੱਲੇ ਪੈਲ਼ੀ ਆਉਂਦੀ ਕੱਲੇ ਮੇਰੇ ਹਿੱਸੇ ਨੀ
ਖਰੜ ਚ ਕੋਠੀ ਪਾ ਕਰਾ ਤੀ ਬੱਲੇ ਬੱਲੇ ਨੀ
ਕੋਈ ਸ਼ੱਕ ਆ ਤਾਂ ਆ ਬੈਠ ਕੱਢ ਲੈਨੇ ਆਂ
ਦਿਲ ਮਿਲਦਾ ਤਾਂ ......

ਕੁੜੀ– ਮਾਪਿਆਂ ਨੇ ਚਾਵਾਂ ਨਾਲ ਦਾਖਲਾ ਦਵਾਇਆ ਵੇ
ਆਸ਼ਕੀ ਚ ਪੈ ਕੇ ਨਹੀਓਂ ਜਾਣਾ ਕੁਮਲਾਇਆ ਵੇ
ਫਿਰ ਆਪਣੇ ਤੇ ਕਹਿੰਦੇ ਵੱਸ ਨਹੀਓਂ ਚੱਲਦਾ
ਬੀ ਏ ਦੀ ਪੜ੍ਹਾਈ ਵਿੱਚੇ ......

ਮੁੰਡਾ– ਸਫਾਰੀ ਵਿੱਚ ਬੈਠ ਰੋਜ਼ ਜਾਇਆ ਕਰਾਂ ਝੀਲ ਨੀ
ਤੇਰੇ ਬਿਨਾਂ ਰੋਜ਼ ਕਰਾਂ ਬਹੁਤ ਸੈਡ ਫੀਲ ਨੀ
ਜੇ ਹਾਂ ਕਰੇ ਤਾਂ ਜੁਗਤ ਬਣਾ ਹੀ ਲੈਨੇ ਆਂ
ਦਿਲ ਮਿਲਦਾ ਤਾਂ ......

ਕੁੜੀ– ਬੀ ਏ ਪੂਰੀ ਕਰ ਮੈਂ ਤਾਂ ਕਰਨੀ ਤਿਆਰੀ ਵੇ
ਆਈ ਏ ਐੱਸ ਬਣ ਲੱਗੂੰ ਅਫ਼ਸਰ ਸਰਕਾਰੀ ਵੇ
ਗਾਰਡਨ ਕਲੋਨੀ ਵਾਲ਼ਾ ਡਾਕਟਰ ਵੀ ਹਾਮੀ ਭਰਦਾ
ਬੀ ਏ ਦੀ ਪੜ੍ਹਾਈ ਵਿੱਚੇ ......

***

## ਸਾਨੂੰ ਠੇਕੇ ਦੀ ਨਾ ਪਚੇ

ਮੁੰਡਾ– ਇੱਕ ਦਿਨ ਠੇਕੇ ਦੀ ਮੈਂ ਪੀਤੀ ਸੀ ਸ਼ਰਾਬ
ਉਲਟੀਆਂ ਕਰ ਘਰ ਕੀਤਾ ਸੀ ਖਰਾਬ
ਹੁਣ ਠੇਕੇ ਵੱਲ ਵੇਖ ਹੱਥ ਘੁੱਟ ਲੈਨੇ ਆਂ
ਸਾਨੂੰ ਠੇਕੇ ਦੀ ਨਾ ਪਚੇ, ਤੇਰੇ ਨੈਣਾਂ ਚੋਂ ਸ਼ਰਾਬ ਪੀ ਕੇ ਗੁੱਟ ਰਹਿੰਨੇ ਆਂ,
ਸਾਨੂੰ ਠੇਕੇ ਦੀ ਨਾ ਪਚੇ

ਕੁੜੀ– ਦੋ ਸਾਲ ਹੋ ਗਏ ਤੂੰ ਤਾਂ ਪੀਤੀ ਨੀ ਸ਼ਰਾਬ
ਯਾਰਾਂ ਦੋਸਤਾਂ ਨਾ ਬਹਿ ਕੇ ਕੀਤਾ ਸੀ ਮਜ਼ਾਕ
ਸ਼ਰਾਬੀਆਂ ਲਈ ਸ਼ਰਾਬ ਤਾਂ ਅਵੱਲੀ ਰਹਿੰਦੀ ਆ
ਨਸ਼ਾ ਕਰਿਆ ਨਾ ਕਰ, ਮੈਂ ਤਾਂ ਪਿਆਰ ਤੇਰੇ ਵਿੱਚ ਬਣੀ ਝੱਲੀ ਰਹਿੰਨੀ ਆਂ,
ਨਸ਼ਾ ਕਰਿਆ ਨਾ ਕਰ

ਮੁੰਡਾ– ਬਾਹਰ ਕੰਮ–ਕਾਰ ਵਿੱਚ ਪੂਰਾ ਮਜ਼ਾ ਲੈਂਦੇ ਆਂ
ਘਰ ਵਿੱਚ ਬੱਚਿਆਂ ਨਾ ਬਹੁਤ ਬਿਜ਼ੀ ਰਹਿੰਦੇ ਆਂ
ਵਿਹਲਾ ਮਨ ਹੁੰਦਾ ਏ ਸ਼ੈਤਾਨੀਆਂ ਦਾ ਘਰ
ਏਸੇ ਕਰਕੇ ਸ਼ੈਤਾਨੀਆਂ ਨੂੰ ਕੁੱਟ ਲੈਨੇ ਆਂ
ਸਾਨੂੰ ਠੇਕੇ ਦੀ ਨਾ ਪਚੇ, ਤੇਰੇ ਨੈਣਾਂ ਚੋਂ ਸ਼ਰਾਬ ਪੀ ਕੇ ਗੁੱਟ ਰਹਿੰਦੇ ਆਂ,
ਸਾਨੂੰ ਠੇਕੇ ਦੀ ਨਾ ਪਚੇ

ਕੁੜੀ– ਚੰਗਾ ਸੋਚਿਆ ਤੂੰ ਨਸ਼ੇ ਛੱਡਣ ਛਡਾਉਣ ਦਾ
ਕਾਬੂ ਕੀਤਾ ਮਨ ਉੱਤੇ ਉੱਡਣ ਉਡਾਉਣ ਦਾ
ਮੈਂ ਤਾਂ ਤੇਰੇ ਹੀ ਖਿਆਲਾਂ ਵਿੱਚ ਕੱਲੀ ਰਹਿੰਦੀ ਆਂ
ਨਸ਼ਾ ਕਰਿਆ ਨਾ ਕਰ, ਮੈਂ ਤਾਂ ਪਿਆਰ ਤੇਰੇ ਵਿੱਚ ਬਣੀ ਝੱਲੀ ਰਹਿੰਦੀ ਆਂ,
ਨਸ਼ਾ ਕਰਿਆ ਨਾ ਕਰ

ਮੁੰਡਾ– ਸਵੇਰੇ ਉੱਠ ਕਰਦਾ ਮੈਂ ਇੱਕ ਘੰਟਾ ਸੈਰ ਨੀ
ਮਨ ਰਾਜ਼ੀ ਰਹਿੰਦਾ ਬਿੱਲੋ ਤੇਰੇ ਤੋਂ ਬਗੈਰ ਨੀ
ਫਿਰ ਬਦਾਮ ਛਿੱਲ ਦੁੱਧ ਵਿੱਚ ਸੁੱਟ ਲੈਨੇ ਆਂ
ਸਾਨੂੰ ਠੇਕੇ ਦੀ ਨਾ ਪਚੇ, ਤੇਰੇ ਨੈਣਾਂ ਚੋਂ ਸ਼ਰਾਬ ਪੀ ਕੇ ਗੁੱਟ ਰਹਿੰਦੇ ਆਂ,
ਸਾਨੂੰ ਠੇਕੇ ਦੀ ਨਾ ਪਚੇ

ਕੁੜੀ– ਪਿਆਰ ਬਹੁਤ ਕਰਦਾਂ ਏ ਮੈਨੂੰ ਤੂੰ ਜ਼ਰੂਰ ਵੇ
ਮੈਂ ਵੀ ਤੈਨੂੰ ਰੱਖਦੀ ਨੀ ਅੱਖੀਆਂ ਤੋਂ ਦੂਰ ਵੇ
ਬਣੀ ਰੱਬ ਦੀ ਮੇਹਰ ਵੀ ਸਵੱਲੀ ਰਹਿੰਦੀ ਆ
ਨਸ਼ਾ ਕਰਿਆ ਨਾ ਕਰ, ਮੈਂ ਤਾਂ ਪਿਆਰ ਤੇਰੇ ਵਿੱਚ ਬਣੀ ਝੱਲੀ ਰਹਿੰਦੀ ਆਂ,
ਨਸ਼ਾ ਕਰਿਆ ਨਾ ਕਰ

***

## ਕਾਸ਼ ਮੈਂ ਹਵਾ ਬਣ ਜਾਵਾਂ

ਹਵਾ ਵਿੱਚ ਨੇ ਉਹ ਤਰੰਗਾਂ, ਕਦੇ ਗਮੀ, ਕਦੇ ਖੁਸ਼ੀ ਦੀਆਂ ਉਮੰਗਾਂ
ਹਵਾ ਲਿਆਵੇ ਖੁਸ਼ੀਆਂ ਖੇੜੇ, ਵੱਖੋ-ਵੱਖਰੇ ਰੰਗ ਬਿਖੇਰੇ
ਠੰਡੀ ਅਤੇ ਗਰਮ ਹਵਾ ਵਿੱਚ, ਜੀ ਕਰਦਾ ਮੈਂ ਘੁਲ਼ ਜਾਵਾਂ
ਕਾਸ਼ ਮੈਂ ਹਵਾ ਬਣ ਜਾਵਾਂ

ਹਵਾ ਦਾ ਨਾ ਕੋਈ ਦੇਸ ਪ੍ਰਦੇਸ, ਇਹ ਨਾ ਵੇਖੇ ਜਾਤ, ਨਸਲ ਅਤੇ ਭੇਸ
ਆਉਣ ਵਾਲ਼ੇ ਦਿਨ ਦਾ ਸੁਨੇਹਾ ਦੇ ਕੇ, ਇਹ ਅੱਗੇ ਵਧ ਜਾਂਦੀ
ਦਿਨ ਰਾਤ ਪਈ ਵਗਦੀ ਰਹਿੰਦੀ, ਇਹ ਅੱਕਦੀ ਨਾ ਥੱਕਦੀ
ਇਸਦੇ ਵਾਂਗੂੰ ਮੈਂ ਵੀ ਲੋਚਾਂ, ਅਣਥੱਕ ਹੋ ਜਾਵਾਂ
ਕਾਸ਼ ਮੈਂ ਹਵਾ ਬਣ ਜਾਵਾਂ

ਗਹੁ ਨਾਲ ਤੱਕਿਓ ਅਤੇ ਮਹਿਸੂਸ ਕਰਿਓ, ਹਵਾ ਜਦ ਹੈ ਛੂੰਹਦੀ
ਅੰਦਰ ਵੜ ਹਰ ਜੀਵ ਦੇ ਪਿੰਡੇ, ਉਸਦੀ ਰੂਹ ਨੂੰ ਝੰਜੋੜ ਕੇ ਹੈ ਜਗਾਉਂਦੀ
ਪਤਾ ਨਹੀਂ ਕੀ ਕਹਿਣਾ ਚਾਹਵੇ, ਕਦੇ ਖੁਸ਼ ਕਦੇ ਗਮਗੀਨ ਕਰ ਜਾਵੇ
ਇਸਦੀ ਬੋਲੀ ਨੂੰ ਮੈਂ ਵੀ ਜਾਨਣਾ ਚਾਵਾਂ
ਕਾਸ਼ ਮੈਂ ਹਵਾ ਬਣ ਜਾਵਾਂ

ਗਰਮ ਰੁੱਤੇ ਇਹ ਗਰਮ ਹੋ ਜਾਵੇ, ਸਰਦ ਰੁੱਤੇ ਸੀਤ ਲਹਿਰ ਬਣ ਜਾਵੇ
ਹਵਾ ਦਾ ਕੋਈ ਰੰਗ ਨੀ ਹੁੰਦਾ, ਹਵਾ ਦੇ ਕੋਈ ਸੰਗ ਨੀ ਹੁੰਦਾ
ਇਸ ਨੂੰ ਕਦੇ ਕਿਸੇ ਨੇ ਨਾ ਦੇਖਿਆ, ਨਾ ਹੀ ਛੂਹਿਆ ਅਤੇ ਨਾ ਹੀ ਪਕੜਿਆ
ਮੈਂ ਵੀ ਸੋਚਾਂ ਇਸਦੇ ਵਾਂਗਣ ਅਦ੍ਰਿਸ਼ ਹੋ ਜਾਵਾਂ
ਕਾਸ਼ ਮੈਂ ਹਵਾ ਬਣ ਜਾਵਾਂ

ਸਿਰਫ ਧਰਤੀ ਨੂੰ ਹੀ ਭਾਗ ਨੇ ਲੱਗੇ, ਪੰਜ ਤੱਤਾਂ ਵਿੱਚ ਇਹ ਸੱਭ ਤੋਂ ਅੱਗੇ
ਇਸ ਦੀ ਬਦੌਲਤ ਬਣਿਆ ਜੀਵ, ਗੱਲ਼ਾਂ ਕਰਨ ਲੱਗੇ

ਬ੍ਰਹਿਮੰਡ ਵਿੱਚ ਨੇ ਹੋਰ ਵੀ ਥਾਵਾਂ, ਜੀ ਕਰਦਾ ਮੈਂ ਓਥੇ ਜਾਵਾਂ
ਇਸਨੂੰ ਲੈ ਕੇ ਮਾਰ ਉਡਾਰੀ, ਚੰਦ੍ਰਮਾ ਤੇ ਜਾਵਾਂ
ਕਾਸ਼ ਮੈਂ ਹਵਾ ਬਣ ਜਾਵਾਂ

ਇਹ ਹਵਾ ਹੈ ਪਾਕਿ ਪਵਿੱਤਰ, ਇਸ ਗੁਰੂਆਂ ਪੀਰਾਂ ਨੂੰ ਛੋਹਿਆ
ਉਹਨਾਂ ਦੇ ਸੰਦੇਸ਼ਾਂ ਨੂੰ ਅੱਜ ਵੀ, ਆਪਣੇ ਵਿੱਚ ਹੈ ਸਮੋਇਆ
ਇਹ ਹੈ ਧਰਤੀ ਤੇ ਗਵਾਹ, ਇੱਥੇ ਕਿੰਨਾ ਜ਼ੁਲਮ ਹੋਇਆ
ਬਾਬੇ ਨਾਨਕ ਦੇ ਆਵਣ ਤੇ ਹੀ, ਮਿਟੀ ਧੁੰਦ ਜੱਗ ਚਾਨਣ ਹੋਇਆ
ਬੀਤ ਰਹੇ ਸਮੇਂ ਦਾ ਅਸ਼ਨੀ, ਮੈਂ ਵੀ ਗਵਾਹ ਬਣਨਾ ਚਾਹਵਾਂ
ਕਾਸ਼ ਮੈਂ ਹਵਾ ਬਣ ਜਾਵਾਂ

***

## ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ

ਜਜ਼ਬਾਤੀ ਹੋ ਕੇ ਮੈਂ ਉੱਡਿਆ, ਬਣਾ ਲਏ ਦੂਰ ਟਿਕਾਣੇ
ਕੀ ਦੱਸਾਂ ਜੋ ਮੇਰੇ ਨਾਲ ਹੋਇਆ, ਕਈ ਦਿਨ ਰਿਹਾ ਭੁੱਖਣ-ਭਾਣੇ
ਘਰ ਆਪਣੇ ਹਾਲਾਤ ਦੇਖ ਕੇ, ਮੈਂ ਵਿੱਚ ਪ੍ਰਦੇਸਾਂ ਆਇਆ ਸੀ
ਜੋਸ਼ ਚ ਕੀਤੇ ਫੈਸਲਿਆਂ, ਮੇਰੀ ਹੋਸ਼ ਨੂੰ ਗਵਾਇਆ ਸੀ
ਇੱਥੇ ਕੋਈ ਕਿਸੇ ਦਾ ਨਹੀਂ ਆਪਣਾ, ਮੈਂ ਇੱਥੇ ਆ ਕੇ ਭੁੱਲ ਹੀ ਗਿਆ
ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ, ਵਿੱਚ ਪ੍ਰਦੇਸਾਂ ਆ ਕੇ ਰੁਲ ਹੀ ਗਿਆ

ਦੇਸ਼ ਆਪਣੇ ਦੀ ਰੁੱਖੀ ਮਿੱਸੀ, ਖਾਣ ਨੂੰ ਹੁਣ ਦਿਲ ਕਰਦਾ ਏ
ਪੀਜ਼ਾ ਬਰਗਰ ਖਾ ਕੇ ਸੱਚੀਂ, ਢਿੱਡ ਨਹੀਂ ਹੁਣ ਭਰਦਾ ਏ
ਮਿਹਨਤ ਕਰ ਲਾਂਗਾ ਪਿੰਡ ਆਪਣੇ, ਮੈਂ ਮੁੜ ਇੱਥੇ ਨਹੀਂ ਆਉਣਾ
ਜਨਮ ਲਿਆ ਜਿਸ ਧਰਤੀ ਉੱਤੇ, ਉਸ ਦਾ ਵੀ ਕਰਜ਼ ਚੁਕਾਉਣਾ
ਏਥੇ ਚੌਂਕੀਦਾਰੀ ਕਰਦਾ ਮੈਂ, ਪਹਿਲਾਂ ਨਾਲੋਂ ਵੀ ਸੁੱਕ ਹੀ ਗਿਆ
ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ ......

ਪੈਸੇ ਲਈ ਤੇਰਾ ਪੁੱਤ ਅੰਮੜੀਏ, ਸੱਤ ਸਮੁੰਦਰੋਂ ਪਾਰ ਗਿਆ
ਬਾਪੂ ਨੂੰ ਨਾ ਦੱਸਿਓ ਵੇ, ਏਥੇ ਕਰਦਾ ਕੀ ਮੈਂ ਕੰਮ-ਕਾਰ ਪਿਆ
ਦੇਸ਼ ਬੇਗਾਨਾ ਧਰਤ ਪਰਾਈ, ਜਿਸ ਨੇ ਸਾਡੀ ਕਦਰ ਨਾ ਪਾਈ
ਨੌਕਰਾਂ ਵਾਂਗਣ ਕਰਾਂ ਦਿਹਾੜੀ, ਗੋਰੇ ਆਖਣ ਕਾਲ਼ੇ ਭਾਈ
ਰੋ ਰੋ ਕੇ ਦਿਨ ਲੰਘ ਜਾਂਦਾ, ਹਾਸਾ ਆਉਣਾ ਤਾਂ ਜਮ੍ਹਾ ਭੁੱਲ ਹੀ ਗਿਆ
ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ ......

ਚੰਗਾ ਰਹਿ ਗਿਆ ਐਮੇ ਵਾਲ਼ਾ, ਕਰ ਕੇ ਉੱਚੀ ਪੜ੍ਹਾਈ
ਮਿਹਨਤ ਕਰਕੇ ਪਿੰਡ ਐਮੇ ਤੋਂ, ਖਰੜ ਚ ਕੋਠੀ ਪਾਈ
ਡਾਕਟਰ ਸਾਹਿਬ ਬੁਲਾਉਂਦੇ ਸਾਰੇ, ਕੁਦਰਤ ਤੋਂ ਰਹਿਮਤ ਪਾਈ
ਆਇਆ ਸੀ ਸਾਡੇ ਕੋਲ ਕਨੇਡਾ, ਪੂਰੇ ਪਰਿਵਾਰ ਤਾਈਂ
ਰੋ ਰੋ ਦਿਲ ਦਾ ਹਾਲ ਸੁਣਾਇਆ, ਘਰ ਨਾ ਦੱਸਿਓ ਵਾਸਤਾ ਪਾਇਆ
ਹੋ ਜਜ਼ਬਾਤੀ ਅਸ਼ਨੀ ਵੀ, ਨਾਲ ਸਾਡੇ ਖੁੱਲ੍ਹ ਹੀ ਗਿਆ
ਨਹੀਂ ਦੱਸ ਸਕਦਾ ਮਾਂ ਅੰਮੜੀ ਨੂੰ ......

***

## ਹੁਣ ਖੁਸ਼ੀਆਂ ਛੋਟੀਆਂ

ਵੱਡੀਆਂ ਖੁਸ਼ੀਆਂ ਹੁੰਦੀਆਂ ਸਨ, ਵੱਡੇ ਪਰਿਵਾਰ ਦੀਆਂ
ਇੱਕ ਚੁੱਲੇ ਵਿੱਚ ਪੱਕਦੀ ਸੀ ਰੋਟੀ ਵੀਹ-ਬਾਈ ਜੀਆਂ
ਵੰਡੇ ਮੁਲਕ ਨੇ ਵੰਡ ਦਿੱਤੇ, ਘਰ ਰਾਮ ਰਹੀਮ ਮੀਆਂ
ਹੁਣ ਖੁਸ਼ੀਆਂ ਛੋਟੀਆਂ ਹੋਈਆਂ ਨੇ, ਛੋਟੇ ਪਰਿਵਾਰ ਦੀਆਂ

ਇਤਿਹਾਸ ਗਵਾਹ ਹੈ, ਹਿੰਦੁਸਤਾਨ ਹੁੰਦਾ ਸੀ ਸੋਨਚਿੜੀ
ਮੁਗਲਾਂ ਲੁੱਟਿਆ, ਅੰਗਰੇਜ਼ਾਂ ਲੁੱਟਿਆ, ਪਾਪੀ ਦੀ ਨੀਅਤ ਸੀ ਬਹੁਤ ਬੁਰੀ
ਟੁਕੜੇ ਟੁਕੜੇ ਕਰ ਕੇ ਰੱਖ ਦਿੱਤੀਆਂ, ਸਰਹੱਦਾਂ ਪੰਜਾਬ ਦੀਆਂ
ਹੁਣ ਖੁਸ਼ੀਆਂ ਛੋਟੀਆਂ ਹੋਈਆਂ ਨੇ, ਛੋਟੇ ਪਰਿਵਾਰ ਦੀਆਂ

ਦੇਸ਼ ਅਜ਼ਾਦ ਕਰਾਇਆ ਸੀ, ਵਾਰ ਕੇ ਜਿੰਦ ਵੀਰਾਂ
ਹੁਕਮਰਾਨਾ ਫਿਰ ਜਕੜ ਦਿੱਤਾ, ਪੈਰੀਂ ਪਾ ਲਾਲਚੀ ਜੰਜੀਰਾਂ
ਹੈਵਾਨ ਨੇ ਉੱਡਦੇ ਫਿਰਦੇ, ਰੱਖੀਂ ਮਿਹਰ ਹੁਣ ਮਾਲਕਾ ਭੈਣਾਂ ਧੀਆਂ
ਹੁਣ ਖੁਸ਼ੀਆਂ ਛੋਟੀਆਂ ਹੋਈਆਂ ਨੇ, ਛੋਟੇ ਪਰਿਵਾਰ ਦੀਆਂ

ਪੰਜਾਬ ਦੇ ਅਰਥ ਬਦਲ ਗਏ, ਬਿਨਾਂ ਪੰਜ ਆਬਾਂ ਤੋਂ
ਜੇਹਲਮ ਅਤੇ ਚਨਾਬ ਵਿੱਛੜਿਆ, ਸਤਲੁਜ ਅਤੇ ਬਿਆਸਾਂ ਤੋਂ
ਯਾਦਾਂ ਬਹੁਤ ਹੀ ਆਉਂਦੀਆਂ ਨੇ, ਵਿੱਛੜੇ ਨਨਕਾਣੇ ਦੀਆਂ
ਹੁਣ ਖੁਸ਼ੀਆਂ ਛੋਟੀਆਂ ਹੋਈਆਂ ਨੇ, ਛੋਟੇ ਪਰਿਵਾਰ ਦੀਆਂ

ਲੁੱਟ ਲਿਆ ਏ ਮੁਲਕ, ਅੱਜ ਦੇ ਵਜ਼ੀਰਾਂ ਨੇ
ਬਖ਼ਸ਼ ਲਈਂ ਹੁਣ ਮਾਲਕਾ, ਇਹਨਾਂ ਤਾਂ ਘੱਤੀਆਂ ਵਹੀਰਾਂ ਨੇ
ਐਮੇ ਵਾਲ਼ਾ ਲਿਖਦਾ ਏ, ਗੱਲਾਂ ਦੇਸ਼ ਪਿਆਰ ਦੀਆਂ
ਹੁਣ ਖੁਸ਼ੀਆਂ ਛੋਟੀਆਂ ਹੋਈਆਂ ਨੇ, ਛੋਟੇ ਪਰਿਵਾਰ ਦੀਆਂ

***

## ਰੱਬ ਮੇਰੇ ਉੱਤੇ

ਭਗਵਾਂ ਕਮੀਜ਼ ਪਾ ਕੇ ਸਾਧਣੀ ਜਿਹੀ ਜਾਪੇ
ਲਹਿਰੀਆ ਦੁਪੱਟਾ ਲੈ ਕੇ ਮੋਰਨੀ ਜਿਹੀ ਜਾਪੇ
ਉਹਦੀ ਤੱਕਣੀ ਚ ਮੈਂ ਤਾਂ ਮਾਲਾ ਮਾਲ ਹੋ ਗਿਆ
ਪਿਛਲੇ ਜਨਮ ਕੀਤੇ ਚੰਗੇ ਸੀ ਕਰਮ, ਰੱਬ ਮੇਰੇ ਉੱਤੇ ਸੱਚੀਂ ਹੀ ਨਿਹਾਲ ਹੋ ਗਿਆ

ਦੋ ਤਿੰਨ ਦਿਨਾਂ ਤੋਂ ਮੈਂ ਬੈਠਾ ਬਣ ਕੇ ਉਦਾਸ ਸੀ
ਸਮਝ ਨੀ ਆਉਂਦੀ ਹੋਇਆ ਕਿੰਝ ਮੇਰੇ ਨਾਲ ਸੀ
ਆਈ ਬਣ ਕੇ ਪ੍ਰਾਹੁਣੀ ਲੁੱਟ ਲੈ ਗਈ ਟੁੱਟ ਪੈਣੀ
ਉਹਨੂੰ ਤੱਕ ਕੇ ਮੈਂ ਖਿੜਿਆ ਗੁਲਾਬ ਹੋ ਗਿਆ
ਪਿਛਲੇ ਜਨਮ ਕੀਤੇ ਚੰਗੇ ਸੀ ਕਰਮ ......

ਨਾ ਉਹ ਸੱਸੀ ਸੋਹਣੀ ਨਾ ਉਹ ਹੀਰ ਜੱਟੀ ਜਾਪਦੀ
ਅੰਬਰਾਂ ਤੋਂ ਆਈ ਉਹ ਤਾਂ ਹੂਰ ਪਰੀ ਜਾਪਦੀ
ਝਾਂਜਰਾਂ ਦੇ ਬੋਰ ਉਹਦੇ ਕੀਤਾ ਜਦੋਂ ਸ਼ੋਰ
ਉਹਦੇ ਦਿਲ ਵਿੱਚ ਮੇਰਾ ਹੀ ਖਿਆਲ ਹੋ ਗਿਆ
ਪਿਛਲੇ ਜਨਮ ਕੀਤੇ ਚੰਗੇ ਸੀ ਕਰਮ ......

ਕਮਲ਼ੀ ਨੇ ਜਦ ਆ ਕੇ ਪੁੱਛਿਆ ਸੀ ਨਾਂ ਨੀ
ਅਸ਼ਨੀ ਨੇ ਐਮਾਂ ਜੱਟਾਂ ਦੱਸਿਆ ਗਰਾਂ ਨੀ
ਉਹ ਤਾਂ ਬਣੀ ਮੇਰੀ ਹੂਰ ਅੱਖ ਖੁੱਲ੍ਹ, ਗਈ ਜ਼ਰੂਰ
ਸੁਪਨੇ ਚ ਮੈਂ ਤਾਂ ਉਹਦਾ ਰਾਂਝਾ ਹੋ ਗਿਆ
ਪਿਛਲੇ ਜਨਮ ਕੀਤੇ ਚੰਗੇ ਸੀ ਕਰਮ ......

***

## ਕਸਰਤ ਕਰ ਲੈ ਤੂੰ

ਪੰਜ ਤੱਤਾਂ ਦੇ ਬੰਦੇ ਅੰਦਰ, ਪੰਜ ਲੀਟਰ ਖ਼ੂਨ ਪਿਆ ਦੌੜੇ
ਧਮਣੀਆਂ ਅਤੇ ਸ਼ਿਰਾਵਾਂ ਅੰਦਰ, ਖ਼ੂਨ ਪਿਆ ਜਦ ਤੇਰਾ ਖੌਲੇ
ਖਾ ਖਾ ਕਰ ਲਿਆ ਢਿੱਡ ਨੂੰ ਮੋਟਾ, ਅੰਤ ਸਮੇਂ ਫਿਰ ਮੰਗਦੇ ਸੋਟਾ
ਕਸਰਤ ਕਰ ਲੈ ਤੂੰ, ਮਨ ਕਰ ਲੈ ਤਗੜਾ ਮੋਟਾ, ਕਸਰਤ ਕਰ ਲੈ ਤੂੰ

ਬੀ ਪੀ ਵਧਿਆ ਚੱਕਰ ਆਉਣੇ, ਛੱਡ ਦੇ ਘਿਓ ਦੇ ਤੜਕੇ ਲਾਉਣੇ
ਦੇਖ ਕੇ ਰਸਗੁੱਲੇ ਬਰਫ਼ੀ ਤੂੰ, ਤੈਂ ਕੰਨਾਂ ਨੂੰ ਹੱਥ ਪਏ ਲਾਉਣੇ
ਜੇ ਤੂੰ ਅੱਜ ਸਬਰ ਨਾਲ ਖਾ ਲਏਂ, ਕਿਉਂ ਪਿੱਛੇ ਪਛਤਾਉਨੈ
ਕਸਰਤ ਕਰ ਲੈ ਤੂੰ, ਕਿਉਂ ਮੋਟਾ ਪਿਆ ਹੁੰਨੈ, ਕਸਰਤ ਕਰ ਲੈ ਤੂੰ

ਤਿੰਨ ਚਾਰ ਵਾਰ ਤੂੰ ਰੋਟੀਆਂ ਖਾਵੇਂ, ਦਾਲ਼ ਸਬਜ਼ੀ ਵੀ ਰਗੜੀ ਜਾਵੇਂ
ਬਰਗਰ, ਪੈਟੀ, ਪੀਜ਼ਾ ਖਾ ਕੇ, ਸਨੈਕਸ ਦੇ ਨਾਂ ਤੇ ਦਾਅਵਤਾਂ ਉਡਾਵੇਂ
ਬਹਿ ਕੁਰਸੀ ਤੇ ਕਲਮ ਚਲਾਵੇਂ, ਤੇਰਾ ਢਿੱਡ ਜ਼ਰਾ ਨੀ ਹਿੱਲਦਾ
ਕਸਰਤ ਕਰ ਲੈ ਤੂੰ, ਫਿਰ ਦੇਖੀਂ ਕਿਵੇਂ ਮਨ ਖਿਲਦਾ, ਕਸਰਤ ਕਰ ਲੈ ਤੂੰ

ਚਾਰ ਵਜੇ ਤੂੰ ਬੰਦਗੀ ਕਰ ਲੈ, ਇੱਕ ਘੰਟਾ ਤੂੰ ਕਸਰਤ ਕਰ ਲੈ
ਪੰਜ ਵਜੇ ਨ੍ਹਾ ਧੋ ਕੇ ਅਸ਼ਨੀ, ਮਨ ਆਪਣੇ ਨਾਲ ਚਿੰਤਨ ਕਰ ਲੈ
ਤੰਦਰੁਸਤੀ ਤੇਰੇ ਅੱਗੇ ਪਿੱਛੇ, ਨਾ ਕੋਈ ਝਗੜਾ ਨਾ ਹੀ ਝਮੇਲੇ
ਕਸਰਤ ਕਰ ਲੈ ਤੂੰ, ਰੱਜ ਹੰਢਾ ਲੈ ਮੇਲੇ, ਕਸਰਤ ਕਰ ਲੈ ਤੂੰ

***

## ਕਨੂੰਨ ਦੀ ਉਲੰਘਣਾ

ਅੱਜ ਵੇਖੀ ਇੱਕ ਔਰਤ, ਜੋ ਕਨੂੰਨ ਦੀ ਉਲੰਘਣਾ ਕਰੀ ਜਾਵੇ
ਡਰਾਈਵਿੰਗ ਸੀਟ ਤੇ ਬੈਠ ਕੇ, ਵਾਲ਼ਾਂ ਚ ਕੰਘੀ ਕਰੀ ਜਾਵੇ
ਲਾਲ ਬੱਤੀ ਤੇ ਰੁਕਦੇ ਹੀ, ਕੰਨਾਂ ਚ ਟੌਪਸ ਪਾਵੇ
ਸੁਰਖੀ ਬਿੰਦੀ ਲਾ ਕੇ, ਫਿਰ ਸ਼ੀਸ਼ੇ ਵਿੱਚ ਦੇਖੀ ਜਾਵੇ
ਹਰੀ ਬੱਤੀ ਦੇ ਆਉਂਦਿਆਂ ਹੀ, ਗੱਡੀ ਨੂੰ ਟਾਪ ਗੇਅਰ ਵਿੱਚ ਪਾਵੇ
ਅਗਲੇ ਚੌਂਕ ਤੇ ਜਲਦੀ ਪਹੁੰਚ ਕੇ, ਡੈਂਟਿੰਗ ਪੇਂਟਿੰਗ ਕਰਨੀ ਚਾਹਵੇ

ਕਈ ਤਰ੍ਹਾਂ ਦੇ ਰੰਗ ਓਸ ਨੇ, ਆਪਣੇ ਮੂੰਹ ’ਤੇ ਲਾਏ
ਅਗਲੇ ਚੌਂਕ ਤੇ ਮੈਂ ਸ਼ੀਸ਼ੇ ਵਿੱਚ ਪਿੱਛੇ ਵੇਖਿਆ,
ਤਾਂ ਉਹ ਪਹਿਲੇ ਵਾਲੀ ਔਰਤ ਪਹਿਚਾਣ ਚ ਨਾ ਆਵੇ
ਅਜੇ ਵੀ ਉਹ ਪੈਂਨਸਿਲ ਜਿਹੀ ਨਾਲ, ਬੁੱਲਾਂ ਤੇ ਲਾਈਨ ਲਗਾਵੇ
ਤਿੰਨ ਤਰ੍ਹਾਂ ਦੀ ਨੇਲ ਪਾਲਿਸ਼ ਲਗਾ ਕੇ, ਧੁੱਪ ਵਿੱਚ ਸੁਕਾਵੇ

ਹੁਣ ਡਰਾਇਰ ਕੱਢ ਕੇ, ਵਾਲਾਂ ਨੂੰ ਗਰਮ ਹਵਾ ਨਾਲ ਸੁਕਾਇਆ
ਮਿੰਟਾਂ ਚ ਇਕੱਠੇ ਹੋਏ ਵਾਲਾਂ ਦਾ, ਵੱਡਾ ਪੱਫ ਜਿਹਾ ਬਣਾਇਆ
ਅੱਧੇ ਵਾਲ ਓਸ ਸੱਜੇ ਸੁੱਟੇ, ਅੱਧੇ ਸੁੱਟੇ ਖੱਬੇ
ਭੂਤਨੀ ਤਾਂ ਉਹ ਪਹਿਲਾਂ ਹੀ ਲਗਦੀ ਸੀ, ਹੁਣ ਨਿਰੀ ਡੈਣ ਪਈ ਲੱਗੇ

ਮੋਟੀਆਂ-ਮੋਟੀਆਂ ਅੱਖਾਂ ਦੇ ਵਿੱਚ, ਨੀਲੇ ਲੈਂਜ ਓਸ ਪਾ ਲਏ
ਇੱਕ ਇੱਕ ਬੂੰਦ ਸ਼ੀਸ਼ੀ ਚੋਂ ਟਪਕਾ, ਚਮਕਣ ਮੋਤੀਆਂ ਵਾਂਗ ਬਣਾ ਲਏ
ਟ੍ਰੈਫਿਕ ਪੁਲਿਸ ਵਾਲ਼ੇ ਨੇ ਵੇਖ ਕੇ, ਪਰਾਂ ਨੂੰ ਮੂੰਹ ਘੁਮਾਇਆ
ਚਾਹੁੰਦਾ ਸੀ ਉਹ ਚਲਾਣ ਕੱਟਣਾ, ਪਰ ਹਿੰਮਤ ਨਾ ਜੁਟਾ ਪਾਇਆ
ਵਰਦੀ ਵਾਲ਼ਾ ਡਰ ਗਿਆ ਉਸ ਤੋਂ, ਮੈਂ ਤਾਂ ਪਿੰਡ ਐਮੇ ਤੋਂ ਆਇਆ
ਅਗਲੇ ਚੌਂਕ ਉਹ ਸੱਜੇ ਮੁੜ ਗਈ, ਮੈਂ ਰੱਬ ਦਾ ਸ਼ੁਕਰ ਮਨਾਇਆ

***

## ਸਾਲ ਸੋਲਵੇਂ 'ਚ

ਸਾਰੇ ਹੀ ਕਾਲਜ ਵਿੱਚ ਇੱਕੋ ਗੱਲ ਖਿੰਡ ਗਈ
ਕੁੜੀ ਹੈ ਸ਼ਹਿਰ ਦੀ, ਜਾਂ ਹੈ ਉਹ ਕਿਸੇ ਪਿੰਡ ਦੀ
ਲੰਘਦੀ ਹੈ ਜਾਣ-ਜਾਣ ਵੰਗਾਂ ਛਣਕਾ ਕੇ
ਆਪਣੇ ਹੀ ਰੰਗ ਵਿੱਚ ਜਾਵੇ ਰੰਗਦੀ
ਕੱਠੇ ਬੈਠ ਮੁੰਡਿਆਂ ਚ ਹੁੰਦੀਆਂ ਸਲ਼ਾਹਾਂ,
ਸਾਲ ਸੋਲਵੇਂ ਚ ਆ ਕੇ ਕੁੜੀ ਬਹੁਤ ਸੰਗਦੀ

ਸੂਟ ਪਟਿਆਲ਼ਾ ਸ਼ਾਹੀ ਜੁੱਤੀ ਤਿੱਲੇਦਾਰ ਉਏ
ਤੁਰਦੀ ਮਟਕ ਨਾਲ ਜਿਵੇਂ ਆ ਗਿਆ ਭੁਚਾਲ਼ ਉਏ
ਅੱਖਾਂ ਮਟਕਾ ਕੇ ਵਿੱਚ ਸੁਰਮਾ ਵੀ ਪਾ ਕੇ
ਇੰਜ ਲੱਗੇ ਜਿਵੇਂ ਉਹ ਮੇਰਾ ਦਿਲ ਮੰਗਦੀ
ਕੱਠੇ ਬੈਠ ਮੁੰਡਿਆਂ ਚ ......

ਚਹਿਕਦੀ ਰਹਿੰਦੀ ਸੀ ਜਿਵੇਂ ਘੁੱਗੀਆਂ ਗੁਟਾਰਾਂ
ਹੁਣ ਨੈਣ ਨੇ ਨਸ਼ੀਲੇ ਜਿਵੇਂ ਤਿੱਖੀਆਂ ਨੇ ਤਲਵਾਰਾਂ
ਹਾਸਾ ਉਹਦਾ ਜਿਵੇਂ ਕੋਈ ਜਾਦੂ ਕਰ ਜਾਵੇ
ਗੁੱਤ ਸੱਪਣੀ ਹੈ ਉਹਦੀ ਜਾਵੇ ਦਿਲ ਡੰਗਦੀ
ਕੱਠੇ ਬੈਠ ਮੁੰਡਿਆਂ ਚ ......

ਜੋਬਨ ਦੇ ਉੱਤੇ ਪੂਰੀ ਆ ਗਈ ਬਹਾਰ ਬਈ
ਡੱਸਣ ਦੇ ਲਈ ਕੁੜੀ ਹੋ ਗਈ ਤਿਆਰ ਬਈ
ਹਰਸਾਜ਼ ਨੂੰ ਬੁਲਾ ਕੇ ਉਹਤੋਂ ਜੀ-ਜੀ ਅਖਵਾ ਕੇ
ਪੱਟ ਲਿਆ ਮੁੰਡਾ ਜਿਵੇਂ ਹੀਰ ਝੰਗ ਦੀ
ਕੱਠੇ ਬੈਠ ਮੁੰਡਿਆਂ ਚ ......

***

## ਵੰਗ ਛਣਕ ਹੀ ਜਾਵੇ

ਮੁੰਡਾ– ਸਰੋਂ ਦਿਆਂ ਖੇਤਾਂ ਵਿੱਚ ਲਾਲ ਸੂਹਾ ਸੂਟ ਪਾ ਕੇ
ਤਿੰਨ ਰੰਗੀ ਚੁੰਨੀ ਲਵੇਂ ਸਿਰ ਤੇ ਸਵਾਰ ਕੇ
ਖੂਹ ਤੇ ਆ ਕੇ ਝਾਂਜਰਾਂ ਨੂੰ ਛਣਕਾਇਆ ਨਾ ਕਰੀਂ
ਜੱਟ ਪੈਲ਼ੀ ਹੁੰਦੇ ਵਾਹੁੰਦੇ,
ਐਵੇਂ ਨਿੱਤ ਨਵਾਂ ਸਿਆਪਾ ਕਰਵਾਇਆ ਨਾ ਕਰੀਂ,
ਜੱਟ ਪੈਲ਼ੀ ਹੁੰਦੇ ਵਾਹੁੰਦੇ

ਕੁੜੀ– ਭੱਤਾ ਲੈ ਕੇ ਆਉਣਾ ਹੁੰਦਾ ਮੈਂ ਤਾਂ ਜੱਟਾ ਤੇਰੇ ਲਈ
ਦਾਲ਼ ਰੋਟੀ ਖਾ ਕੇ ਪੀ ਲਈਂ ਛੰਨਾ ਭਰ ਲੱਸੀ ਤਈਂ
ਨਾਲੇ ਬਲਦਾਂ ਨੂੰ ਪੱਠੇ ਵੀ ਮੈਂ ਪਾ ਜਾਨੀ ਆਂ
ਵੰਗ ਛਣਕ ਹੀ ਜਾਵੇ,
ਜਦੋਂ ਖੁਰਲੀ ਚ ਪੱਠੇ ਮੈਂ ਰਲਾਉਂਦੀ ਹੁੰਨੀ ਆਂ,
ਵੰਗ ਛਣਕ ਹੀ ਜਾਵੇ

ਮੁੰਡਾ– ਪੈਲ਼ੀ ਵਾਹੁੰਦਿਆਂ ਹੀ ਨਿੱਤ ਚੜਦਾ ਸਵੇਰਾ ਨੀ
ਲਹਿ ਜਾਂਦਾ ਥਕੇਵਾਂ ਤੱਕ ਸੋਹਣਾ ਮੁੱਖ ਤੇਰਾ ਨੀ
ਐਵੇਂ ਕੋਕੇ ਨੂੰ ਬਹੁਤ ਚਮਕਾਇਆ ਨਾ ਕਰੀਂ
ਜੱਟ ਪੈਲ਼ੀ ਹੁੰਦੇ ਵਾਹੁੰਦੇ,
ਐਵੇਂ ਨਿੱਤ ਨਵਾਂ ਸਿਆਪਾ ਕਰਵਾਇਆ ਨਾ ਕਰੀਂ,
ਜੱਟ ਪੈਲ਼ੀ ਹੁੰਦੇ ਵਾਹੁੰਦੇ

ਕੁੜੀ– ਸੱਤ ਕੁ ਮਹੀਨੇ ਹੋ ਗਏ ਆਪਣੇ ਵਿਆਹ ਨੂੰ
ਘੱਲਿਆ ਸੁਨੇਹਾ ਬੇਬੇ ਕਰਨ ਸਲ਼ਾਹ ਨੂੰ
ਤੈਨੂੰ ਬੇਬੇ ਦੀ ਕਹੀ ਗੱਲ ਸਮਝਾਉਣ ਆਈ ਆਂ
ਵੰਗ ਛਣਕ ਹੀ ਜਾਵੇ,
ਜਦੋਂ ਬਲਦਾਂ ਨੂੰ ਪਾਣੀ ਮੈਂ ਪਿਆਉਨੀ ਹੁੰਨੀ ਆਂ,
ਵੰਗ ਛਣਕ ਹੀ ਜਾਵੇ

ਮੁੰਡਾ- ਸਮਝ ਗਿਆ ਮੈਂ ਗੱਲ ਤੇਰੀ ਸਾਰੀ ਜੱਟੀਏ
ਬੁਝਾਰਤਾਂ ਨਾ ਪਾ ਐਵੇਂ ਹੁਸਨ ਦੀ ਏ ਪੱਟੀਏ
ਲੱਪ ਸੁਰਮੇ ਦੀ ਅੱਖ ਮਟਕਾਇਆ ਨਾ ਕਰੀਂ
ਜੱਟ ਪੈਲ਼ੀ ਹੁੰਦੇ ਵਾਹੁੰਦੇ,
ਤੂੰ ਪੋਲੇ-ਪੋਲੇ ਪੈਰੀਂ ਖ਼ੂਹ ਤੇ ਆਇਆ ਕਰੀਂ,
ਜੱਟ ਪੈਲ਼ੀ ਹੁੰਦੇ ਵਾਹੁੰਦੇ

ਕੁੜੀ- ਸਮਝ ਗਿਆ ਜੇ ਤੂੰ ਗੱਲ ਜੱਟੀ ਹੀਰ ਦੀ
ਖਾ ਲੈ ਵੇ ਕਟੋਰਾ ਭਰ ਜੱਟਾ ਠੰਡੀ ਖੀਰ ਦੀ
ਨਾਲੇ ਪੱਠੇ ਵੱਢ ਗੱਡੇ ਉੱਤੇ ਲੱਦ ਜਾਨੀ ਆਂ
ਵੰਗ ਛਣਕ ਹੀ ਜਾਵੇ,
ਰੋਟੀ ਖਾਂਦੇ ਨੂੰ ਜਦੋਂ ਮੈਂ ਪੱਖੀ ਝੱਲੀ ਜਾਨੀ ਆਂ,
ਵੰਗ ਛਣਕ ਹੀ ਜਾਵੇ

***

## ਮੈਨੂੰ ਕੱਲ ਪਤਾ ਲੱਗਾ

ਪੜ੍ਹਦੀ ਸੀ ਨਾਲ ਮੇਰੇ ਇੱਕ ਮੁਟਿਆਰ
ਮੋਟੀਆਂ ਸੀ ਅੱਖਾਂ ਗੱਲਾਂ ਕਰਦੀ ਹਜ਼ਾਰ
ਚਾਣਚੱਕ ਹੀ ਉਹ ਤਾਂ ਕਿਤੇ ਗਾਇਬ ਹੋ ਗਈ
ਮੈਨੂੰ ਕੱਲ ਪਤਾ ਲੱਗਾ, ਉਹ ਕਨੇਡਾ ਵਿੱਚ ਜਾ ਕੇ ਸੈਟਲ ਹੋ ਗਈ
ਮੈਨੂੰ ਕੱਲ ਪਤਾ ਲੱਗਾ

ਜਾਨ-ਜਾਨ ਕਹਿ ਕੇ ਮੈਨੂੰ ਉਹ ਤਾਂ ਬੁਲਾਉਂਦੀ ਸੀ
ਹਾਸੇ ਵਿੱਚ ਉੱਡ ਜਾਊਂ ਕਹਿ ਕੇ ਚਿੜਾਉਂਦੀ ਸੀ
ਹੱਥ ਉੱਤੇ ਲਿਖਿਆ ਸੀ ਨਾਂ ਜਦ ਮੇਰਾ
ਉਹ ਮਾਪਿਆਂ ਦੇ ਡਰ ਤੋਂ ਮਿਟਾਉਣ ਲੱਗ ਪਈ
ਮੈਨੂੰ ਕੱਲ ਪਤਾ ਲੱਗਾ, ਉਹ ਕਨੇਡਾ ਵਿੱਚ ਜਾ ਕੇ ਸੈਟਲ ਹੋ ਗਈ

ਗਾਨੀ, ਛੱਲਾ, ਮੁੰਦੀ ਜਿਹੜਾ ਦਿੱਤੀਆਂ ਨਿਸ਼ਾਨੀਆਂ
ਮੇਰੇ ਕੋਲੋਂ ਗਈਆਂ ਅਜੇ ਤਈਂ ਨਾ ਗੁਆਚੀਆਂ
ਲਾਕਟ ਦੇ ਵਿੱਚ ਦਿੱਤੀ ਫੋਟੋ ਸੀ ਪਰੋ ਕੇ
ਝੱਟ ਕੱਢ ਕੇ ਫਰੇਮ ਵਿੱਚੋਂ ਲਾਹੁਣ ਲੱਗ ਪਈ
ਮੈਨੂੰ ਕੱਲ ਪਤਾ ਲੱਗਾ, ਉਹ ਕਨੇਡਾ ਵਿੱਚ ਜਾ ਕੇ ਸੈਟਲ ਹੋ ਗਈ

ਯਾਰ ਮੈਨੂੰ ਕਹਿੰਦੇ ਉਹ ਤਾਂ ਕੁੜੀ ਸੀ ਗੱਦਾਰ
ਅਸ਼ਨੀ ਨਾ ਮੰਨੇ ਉਹ ਤਾਂ ਲੜੇ ਉਹਨਾਂ ਨਾਲ
ਖੌਰੇ ਕਿਹੜਾ ਆਈ ਹੋਈ ਉਹਤੇ ਮਜਬੂਰੀ
ਬਿਨਾਂ ਦੱਸਿਓਂ ਹੀ ਮੈਨੂੰ ਉਹ ਜਹਾਜ਼ ਚੜ੍ਹ ਗਈ
ਮੈਨੂੰ ਕੱਲ ਪਤਾ ਲੱਗਾ, ਉਹ ਕਨੇਡਾ ਵਿੱਚ ਜਾ ਕੇ ਸੈਟਲ ਹੋ ਗਈ

***

## ਟੱਪੇ

ਪੱਤੇ ਟਾਹਣੀ ਤੇ ਗੁਲਾਬੀ ਨੇ
ਸੋਹਣੀ ਕੁੜੀ ਮਾਣ ਕਰਦੀ
ਸਾਰੇ ਹੋ ਗਏ ਸ਼ਰਾਬੀ ਨੇ

ਰੁੱਤ ਆ ਗਈ ਬਹਾਰਾਂ ਦੀ
ਦਿਲ ਮੇਰਾ ਝੱਲਾ ਹੋ ਗਿਆ
ਗੱਲ ਕਰਦਾ ਪਿਆਰਾਂ ਦੀ

ਕੋਇਲ ਪਈ ਕੂਕਦੀ ਏ
ਚੰਨਾ ਘਰ ਆ ਵੀ ਤੂੰ ਜਾ
ਜਿੰਦ ਮੇਰੀ ਹੂਕਦੀ ਏ

ਝੀਲਾਂ ਵਿੱਚ ਮੱਛੀਆਂ ਨੇ
ਮਾਹੀ ਮੇਰਾ ਝੱਲਾ ਜਿਹਾ
ਗੱਲਾਂ ਬੇਬੇ ਨੂੰ ਦੱਸੀਆਂ ਨੇ

ਵੀਣੀ ਵਿੱਚ ਚੂੜਾ ਏ
ਚੰਡੀਗੜ੍ਹ ਰਹਿਣ ਵਾਲ਼ੀਏ
ਕਰੇਂ ਜਲੇਬੀ ਜੂੜਾ ਏ

ਧੂੜ ਚੜ੍ਹ ਗਈ ਅੰਬਰਾਂ ਨੂੰ
ਚਾਰੇ ਪਾਸੇ ਨ੍ਹੇਰ ਪੈ ਗਿਆ
ਸੂਹ ਲੱਗ ਗਈ ਚੰਦਰ੍ਹਾਂ ਨੂੰ

ਫੁੱਲ ਮਹਿਕਦਾ ਗੁਲਾਬੀ ਏ
ਕੰਡੇ ਰਖਵਾਲੀ ਕਰਦੇ
ਮਾਲੀ ਹੋਇਆ ਸ਼ਰਾਬੀ ਏ

ਅੰਬੀਆਂ ਨੂੰ ਬੂਰ ਪਿਆ
ਮਾਹੀ ਮੇਰਾ ਪਤਲਾ ਜਿਹਾ
ਤੁਰ ਅੱਖੀਆਂ ਤੋਂ ਦੂਰ ਗਿਆ

ਹਾਸੇ ਵਿੱਚ ਖਿਲਦੀ ਏਂ
ਨਿੰਮੀ-ਨਿੰਮੀ ਪੌਣ ਵੱਗਦੀ
ਜ਼ਖਮਾਂ ਨੂੰ ਛਿੱਲਦੀ ਏ

ਹੀਰ ਚੂਰੀ ਕੁੱਟਦੀ ਏ
ਰਾਂਝਾ ਪਿਆ ਮੱਝਾਂ ਚਾਰਦਾ
ਹਿੱਕ ਅੰਬਰਾਂ ਦੀ ਟੁੱਟਦੀ ਏ

ਨਹਿਰਾਂ ਲਾਗੇ ਪਿੱਪਲੀ ਏ
ਪਾਣੀ ਪਿਆ ਸ਼ੂਕਾਂ ਮਾਰਦਾ
ਨਿੱਤ ਪਾਉਂਦਾ ਕਿੱਕਲੀ ਏ

***

## ਮਾਂ ਹੁੰਦੀ ਏ ਮਾਂ

ਮਾਂ ਹੁੰਦੀ ਏ ਮਾਂ, ਮਾਂ ਹੁੰਦੀ ਏ ਮਾਂ
ਰੱਬ ਨੀ ਲੱਭਦਾ ਧਰਤੀ ਉੱਤੇ, ਲੱਭਿਆ ਮੈਂ ਹਰ ਥਾਂ
ਮਾਂ ਹੁੰਦੀ ਏ ਮਾਂ, ਮਾਂ ਹੁੰਦੀ ਏ ਮਾਂ

ਮਾਂ ਦਾ ਦਰਜਾ ਰੱਬ ਬਰਾਬਰ, ਕਹਿ ਗਏ ਬਾਬੇ ਪੀਰ ਪੈਗੰਬਰ
ਬੱਚਿਆਂ ਦੀ ਰਖਵਾਲੀ ਬਣ ਕੇ, ਬਹਿ ਜਾਂਦੀ ਹੇਠ ਨੀਲੇ ਅੰਬਰ
ਸੂਰਜ ਚੰਨ ਤਾਰਿਆਂ ਵਾਂਗੂੰ, ਚਮਕੇ ਵਿੱਚ ਅਸਮਾਨ
ਮਾਂ ਹੁੰਦੀ ਏ ਮਾਂ, ਮਾਂ ਹੁੰਦੀ ਏ ਮਾਂ

ਮਾਂ ਦੀ ਗੋਦੀ ਵਿੱਚ ਪਿਆ ਖੇਡੇ, ਕੁੱਲ ਦੁਨੀਆਂ ਦੇ ਹਾਸੇ-ਖੇਲੇ
ਤੱਤੀ ਵਾ ਨਾ ਲੱਗਣ ਦੇਵੇ, ਸਹਿ ਦੁਨੀਆਂ ਦੇ ਲੱਖ ਝਮੇਲੇ
ਲੱਭਦਾ ਰਿਹਾ ਮੈਂ ਬੂਟੇ ਜੱਗ ਤੇ, ਇਸ ਵਰਗੀ ਨਾ ਛਾਂ
ਮਾਂ ਹੁੰਦੀ ਏ ਮਾਂ, ਮਾਂ ਹੁੰਦੀ ਏ ਮਾਂ

ਮਾਂ ਦੀ ਮਮਤਾ ਪਾਕਿ ਪਵਿੱਤਰ, ਕੁਦਰਤ ਖੇਡੇ ਰੰਗ ਵਚਿੱਤਰ
ਔਖੇ ਵੇਲ਼ੇ ਬਾਂਹ ਕੋਈ ਨਾ ਫੜਦਾ, ਸਾਕ ਸੰਬੰਧੀ ਨਾ ਕੋਈ ਮਿੱਤਰ
ਅਸ਼ਨੀ ਇਸ ਕਰਜਾਈ ਨੂੰ ਤਾਂ, ਲੱਭਣੀ ਕੋਈ ਨਾ ਥਾਂ
ਮਾਂ ਹੁੰਦੀ ਏ ਮਾਂ, ਮਾਂ ਹੁੰਦੀ ਏ ਮਾਂ

***

## ਬੋਲੀਆਂ

ਛਮ ਛਮ ਕਰਦੀ ਝਾਂਜਰ ਮੇਰੀ ਚੂੜਾ ਪਈ ਛਣਕਾਵਾਂ
ਚੰਨਾ ਮੇਰੇ ਹਾਣ ਦਿਆ, ਮੈਂ ਤਰਲੇ ਪਈ ਪਾਵਾਂ

ਸੂਹੇ ਰੰਗ ਦਾ ਸੂਟ ਪਾ ਲਿਆ ਉੱਤੇ ਲੈ ਲਈ ਫੁਲਕਾਰੀ
ਵੇ ਤੂੰ ਕਿੱਥੇ ਚੱਲਿਆਂ, ਛੱਡ ਕੇ ਸੱਜੀ ਸੰਵਾਰੀ

ਭਾਬੀ ਨਾਲ ਤੂੰ ਹੱਸੇਂ ਖੇਡੇਂ ਮੇਰੇ ਨਾਲ ਨਾ ਬੋਲੇਂ
ਵੇ ਮੈਂ ਸੱਭ ਜਾਣਦੀ, ਜਿਹੜੀ ਤੂੰ ਖੇਡ ਪਈ ਖੇਡੇਂ

ਨ੍ਹਾ ਧੋ ਕੇ ਮੈਂ ਚੜ੍ਹੀ ਚੁਬਾਰੇ ਤੂੰ ਸੁੱਤਾ ਪਿਆ ਰਹਿੰਦਾ
ਵਿਚੋਲਾ ਕਹਿੰਦਾ ਸੀ, ਮੁੰਡਾ ਵਹਿਲਾ ਨੀ ਰਹਿੰਦਾ

ਸੱਸ ਮੇਰੀ ਨੇ ਲੱਸੀ ਪੀਤੀ ਮੂੰਹ ਨੂੰ ਲਾ ਲਿਆ ਛੰਨਾ
ਸੱਸ ਗੰਨੇ ਚੂਪਦੀ, ਸਹੁਰਾ ਰੋਜ਼ ਲਿਆਵੇ ਗੰਨਾ

ਨਨਾਣ ਮੇਰੀ ਦਾ ਵਿਆਹ ਹੋ ਗਿਆ ਉਹ ਤੁਰ ਗਈ ਹੁਣ ਸਹੁਰੇ
ਨਨਦੋਈਆ ਮੇਰਾ ਸਾਊ ਜਿਹਾ, ਲੱਗ ਗਿਆ ਮੂਹਰੇ-ਮੂਹਰੇ

ਦਿਓਰ ਮੇਰਾ ਤਾਂ ਵਿਹਲਾ ਰਹਿੰਦਾ ਕੰਮ ਦਾ ਡੱਕਾ ਨਾ ਤੋੜੇ
ਮੇਰੇ ਵੱਲ ਵੇਖ ਕੇ, ਦੇਂਦਾ ਮੁੱਛਾਂ ਨੂੰ ਮਰੋੜੇ

ਜੇਠ ਮੇਰਾ ਤਾਂ ਬੁੱਧੂ ਜੇਹਾ ਜੇਠਾਣੀ ਮਾਰੇ ਛਾਲ਼ਾਂ
ਮੈਂ ਮਖੌਲ ਕਰਦੀ, ਖਾ ਕੇ ਟਕੇ ਟਕੇ ਦੀਆਂ ਗਾਲ਼ਾਂ

ਵੇ ਅੜਿਆ ਮੈਂ ਪੇਕੇ ਜਾਣਾ ਦੇ ਦੇ ਵੀਹ ਰੁਪਈਏ
ਦਾਲ਼ ਰੋਟੀ ਖਾ ਲਵੀਂ, ਖੇਤੀਂ ਕੰਮ ਕਰਦੇ ਨੇ ਭਈਏ

ਕੰਨਾਂ ਚ ਮੇਰੇ ਝੁਮਕੇ ਨੱਚਦੇ ਪੈਰੀਂ ਨੱਚਦੀ ਝਾਂਜਰ
ਕਿੱਥੋਂ ਪੱਲੇ ਪੈ ਗਿਆ, ਮੇਰਾ ਮਾਹੀ ਨਿਰਾ ਬਾਂਦਰ

ਚੁੰਨੀ ਮੇਰੀ ਨੂੰ ਰੰਗ ਕਰਵਾ ਦੇ ਰੰਗ ਕਰਵਾ ਦੇ ਮਾਹੀਆ
ਮੈਂ ਜੁਆਨ ਜਾਪਦੀ, ਮੇਰਾ ਕੰਤ ਤਾਂ ਜਾਪੇ ਭਾਈਆ

***

## ਸੱਤ ਸਮੁੰਦਰੋਂ ਪਾਰ

ਕਾਹਦਾ ਤੈਨੂੰ ਪਿਆਰ ਮੈਂ ਪਾਇਆ, ਹੋ ਗਏ ਹਾਲ ਬੇਹਾਲ
ਰੂਹ ਮੇਰੀ ਤੂੰ ਲੈ ਕੇ ਉੱਡ ਗਈ, ਸੱਤ ਸਮੁੰਦਰੋਂ ਪਾਰ

ਪਾਕਿ ਪਵਿੱਤਰ ਰਿਸ਼ਤਾ ਸਾਡਾ, ਪਾਕਿ ਪਵਿੱਤਰ ਪਿਆਰ
ਪਤਾ ਨਹੀਂ ਕਦੋਂ ਨੈਣ ਅਸਾਡੇ, ਹੋਏ ਦੋ ਤੋਂ ਚਾਰ
ਪਿਆਰ ਤਾਂ ਹੁੰਦਾ ਅੰਨਾ ਲੋਕੋ, ਦੇਖਣ ਵਾਲੇ ਹਜ਼ਾਰ
ਰੂਹ ਮੇਰੀ ਤੂੰ ਲੈ ਕੇ ਉੱਡ ਗਈ, ਸੱਤ ਸਮੁੰਦਰੋਂ ਪਾਰ

ਆਥਣ ਵੇਲ਼ੇ ਜਦ ਤੂੰ ਮੇਰੇ, ਕੋਲ ਆ ਕੇ ਬਹਿੰਦੀ
ਅੱਧੀ ਰਾਤ ਤੱਕ ਨੈਣੀ ਨੀਂਦਰ, ਫਿਰ ਮੇਰੇ ਨਾ ਪੈਂਦੀ
ਖੁੱਲ੍ਹੀ ਅੱਖ ਨਾਲ ਵੇਖਦਾ ਰਹਿੰਦਾ, ਕੀਤਾ ਤੇਰਾ ਸ਼ਿੰਗਾਰ
ਰੂਹ ਮੇਰੀ ਤੂੰ ਲੈ ਕੇ ਉੱਡ ਗਈ, ਸੱਤ ਸਮੁੰਦਰੋਂ ਪਾਰ

ਸੱਚ ਪੁੱਛੇਂ ਤਾਂ ਕਦੀ ਨੀ ਲੱਗਾ, ਕਿ ਤੂੰ ਅਸ਼ਨੀ ਕੋਲ ਨੀ ਰਹਿੰਦੀ
ਸੂਰਜ ਢਲਦਿਆਂ ਫਿਰ ਵੀ ਦਿਲ ਨੂੰ, ਤਾਂਘ ਜਿਹੀ ਲੱਗੀ ਰਹਿੰਦੀ
ਇੱਕ ਦਿਨ ਲੰਘਦਾ ਇੰਜ ਹੈ ਮੇਰਾ, ਜਿਵੇਂ ਬੀਤ ਗਏ ਜੁੱਗ ਚਾਰ
ਰੂਹ ਮੇਰੀ ਤੂੰ ਲੈ ਕੇ ਉੱਡ ਗਈ, ਸੱਤ ਸਮੁੰਦਰੋਂ ਪਾਰ

***

## ਵਿਸਾਖੀ ਦੇ ਮੇਲੇ 'ਚ

ਕਣਕ ਵੀ ਸਾਂਭ ਲਈ ਤੂੜੀ ਨੂੰ ਵੀ ਸਾਂਭ ਲਿਆ
ਆੜਤ ਤੇ ਜਾ ਕੇ ਮੈਂ ਹਿਸਾਬ ਨੂੰ ਵੀ ਭਾਂਪ ਲਿਆ
ਆ ਜਾ ਹੁਣ ਮੇਰੇ ਨਾਲ ਬੈਠ ਚੱਲੀਏ
ਵਿਸਾਖੀ ਦੇ ਮੇਲੇ 'ਚ ਮੈਂ ਤਾਂ ਭੰਗੜੇ ਪਾਊਂਗਾ,
ਤੂੰ ਵੀ ਮੱਲ ਲਈਂ ਗਿੱਧੇ ਦਾ ਪਿੜ ਬੱਲੀਏ

ਗਰਮਾ ਗਰਮ ਜਲੇਬੀਆਂ ਵੀ ਖਾਵਾਂਗੇ,
ਚੂੜੀਆਂ ਵੀ ਤੈਨੂੰ ਨੇ ਚੜ੍ਹਾਉਣੀਆਂ
ਪੈਰਾਂ ਲਈ ਬਿਛੂਏ ਤੇ ਕੰਨਾਂ ਲਈ ਕੋਕਲੇ,
ਚੁੰਨੀਆਂ ਵੀ ਆਪਾਂ ਨੇ ਰੰਗਾਉਣੀਆਂ
ਨਾਲੇ ਬਲਦਾਂ ਦੀ ਰੇਸ ਵੀ ਦੇਖਾਂਗੇ ਝੱਲੀਏ
ਵਿਸਾਖੀ ਦੇ ਮੇਲੇ 'ਚ ਮੈਂ ਤਾਂ ਭੰਗੜੇ ਪਾਊਂਗਾ,
ਤੂੰ ਵੀ ਮੱਲ ਲਈਂ ਗਿੱਧੇ ਦਾ ਪਿੜ ਬੱਲੀਏ

ਖਰੀਦੋ ਫਰੋਖਤ ਆਪਾਂ ਰੱਜ ਕੇ ਕਰਾਂਗੇ,
ਤੂੰ ਵੀ ਕਰ ਲਈਂ ਬਿੱਲੋ ਪੂਰੇ ਚਾਅ ਨੀ
ਸਾਲ ਪਿੱਛੋਂ ਆਉਣਾ ਏ ਵਿਸਾਖੀ ਵਾਲ਼ਾ ਮੇਲਾ,
ਫਿਰ ਜੱਟ ਮੁੜ ਪਿੱਛੇ ਨਾ ਵੇਂਹਦੇ ਰਾਹ ਨੀ
ਖਰੀਦ ਚਿਮਟੇ ਨਾ ਰੋਟੀ ਜਾਵੇਂ ਥੱਲੀਏ
ਵਿਸਾਖੀ ਦੇ ਮੇਲੇ ਚ ਮੈਂ ਤਾਂ ਭੰਗੜੇ ਪਾਊਂਗਾ,
ਤੂੰ ਵੀ ਮੱਲ ਲਈਂ ਗਿੱਧੇ ਦਾ ਪਿੜ ਬੱਲੀਏ

ਅਸ਼ਨੀ ਨਾਲ ਬੈਠ ਕੇ ਚੰਡੋਲ ਜਦ ਝੂਟੇਂਗੀ,
ਫੜ ਲਈਂ ਫਿਰ ਉਹਨੂੰ ਕੱਸ ਕੇ
ਤੱਕ ਕੇ ਤਮਾਸ਼ਾ ਤੂੰ ਮਦਾਰੀਆਂ ਦਾ ਸੋਹਣੀਏ ਨੀ,
ਖਿੜ ਖਿੜ ਜਾਣਾ ਏਂ ਤੂੰ ਹੱਸ ਕੇ
ਗਿੱਧਾ ਪਾਈ ਜਾਵੇਂ ਸਾਰਿਆਂ ਚ ਤੂੰ ਅਵੱਲੀਏ
ਵਿਸਾਖੀ ਦੇ ਮੇਲੇ ’ਚ ਮੈਂ ਤਾਂ ਭੰਗੜੇ ਪਾਊਂਗਾ,
ਤੂੰ ਵੀ ਮੱਲ ਲਈਂ ਗਿੱਧੇ ਦਾ ਪਿੜ ਬੱਲੀਏ

***

## ਤੇਰੀ ਯਾਦ ਸਤਾਉਂਦੀ

ਤੇਰੇ ਇੱਕ ਪਲ ਦੇ ਉਸ ਪਿਆਰ ਨੇ, ਮੈਨੂੰ ਸਾਰੀ ਉਮਰ ਨਾ ਸੌਣ ਦਿੱਤਾ
ਤੇਰੀ ਯਾਦ ਸਤਾਉਂਦੀ ਜਦ ਵੀ ਸੋਹਣੀਏ,
ਮੈਂ ਇਸ ਅੱਖ ਨੂੰ ਨਾ ਰੋਣ ਦਿੱਤਾ

ਤੈਨੂੰ ਯਾਦ ਹੀ ਹੋਣਾ, ਜਦ ਪਿਆਰ ਆਪਣੇ ਦਾ,
ਪਹਿਲਾ ਕਰੂੰਬਲ਼ ਫੁੱਟਿਆ ਸੀ
ਅਲਵਿਦਾ ਵੀ ਨਾ ਕਹਿ ਸਕੇ, ਇਹ ਦਿਲ ਮੇਰਾ ਇੰਜ ਟੁੱਟਿਆ ਸੀ
ਤੇਰੇ ਜਾਣ ਪਿੱਛੋਂ ਦਿਲ ਚੰਦਰੇ ਨੂੰ, ਮੈਂ ਇੱਕ ਵੀ ਵੈਣ ਨਾ ਪਾਉਣ ਦਿੱਤਾ
ਤੇਰੀ ਯਾਦ ਸਤਾਉਂਦੀ ਜਦ ਵੀ ਸੋਹਣੀਏ,
ਮੈਂ ਇਸ ਅੱਖ ਨੂੰ ਨਾ ਰੋਣ ਦਿੱਤਾ

ਦਰਦਾਂ ਦੀਆਂ ਮੈਂ ਖਾ ਦਵਾਈਆਂ, ਗਮ ਨਾ ਕਿਸੇ ਨੂੰ ਦੱਸਿਆ ਸੀ
ਕਈ ਵਾਰ ਅਣਜਾਣ ਲੋਕਾਂ ਤੋਂ, ਸਰਨਾਵਾਂ ਤੇਰਾ ਪੁੱਛਿਆ ਸੀ
ਪਤਾ ਲੱਗਾ ਤੂੰ ਕਨੇਡਾ ਵਸ ਗਈ, ਮੈਂ ਦਿਲ ਦੇ ਜ਼ਖ਼ਮਾਂ ਨੂੰ ਧੋ ਦਿੱਤਾ
ਤੇਰੀ ਯਾਦ ਸਤਾਉਂਦੀ ਜਦ ਵੀ ਸੋਹਣੀਏ,
ਮੈਂ ਇਸ ਅੱਖ ਨੂੰ ਨਾ ਰੋਣ ਦਿੱਤਾ

ਅਸ਼ਨੀ ਦੇ ਦਿਲ ਦਾ ਮੰਨਣਾ ਏਂ, ਤੂੰ ਜਲਦੀ ਹੀ ਮੈਨੂੰ ਮਿਲਣਾ ਏਂ
ਕਰਾਂਗੇ ਗੱਲਾਂ ਸਮਾਂ ਰੋਕ ਕੇ, ਨਾ ਤੂੰ ਹਿੱਲਣਾ ਡੁੱਲਣਾ ਏਂ
ਗਮਾਂ ਦੀ ਇਸ ਝੜੀ ਵਿੱਚ ਮੈਂ ਤਾਂ, ਤੈਨੂੰ ਨਾ ਕੁਰਲਾਉਣ ਦਿੱਤਾ
ਤੇਰੀ ਯਾਦ ਸਤਾਉਂਦੀ ਜਦ ਵੀ ਸੋਹਣੀਏ,
ਮੈਂ ਇਸ ਅੱਖ ਨੂੰ ਨਾ ਰੋਣ ਦਿੱਤਾ

***

## ਕਰ ਸ਼ੁਕਰਾਨਾ ਓਸ ਸੱਚੇ

ਨਸ਼ਿਆਂ ਵੱਕਾਰਾਂ ਤੇ ਹੰਕਾਰਾਂ ਦੇ ਜਹਾਜ਼ ਵਿੱਚ,
ਐਵੇਂ ਨਾ ਤੂੰ ਹੋ ਜਾਈਂ ਸਵਾਰ ਬੰਦਿਆ
ਕਰ ਸ਼ੁਕਰਾਨਾ ਓਸ ਸੱਚੇ ਰੱਬ ਤਾਈਂ,
ਜੇ ਤੂੰ ਲੰਘਣਾ ਏਂ ਸਾਗਰਾਂ ਤੋਂ ਪਾਰ ਬੰਦਿਆ

ਫੁੱਲਾਂ ਦੀ ਤਾਂ ਖੁਸ਼ਬੋ ਸਾਰੇ ਹੀ ਮਹਿਕਦੀ
ਸੂਰਜ ਦੀ ਰੋਸ਼ਨੀ ਵੀ ਸਾਰੇ ਹੀ ਬਿਖਰਦੀ
ਮੇਰੀ ਮੇਰੀ ਵਿੱਚ ਤੂੰ ਤਾਂ ਆਪਣੇ ਭੁਲਾ ਕੇ
ਕਰ ਲਿਆ ਰੇਤ ਵਾਲਾ ਮਹੱਲ ਤਿਆਰ ਬੰਦਿਆ
ਕਰ ਸ਼ੁਕਰਾਨਾ ਓਸ ਸੱਚੇ ਰੱਬ ਤਾਈਂ,
ਜੇ ਤੂੰ ਲੰਘਣਾ ਏਂ ਸਾਗਰਾਂ ਤੋਂ ਪਾਰ ਬੰਦਿਆ

ਉਮਰਾਂ ਦੀ ਰੋਟੀ ਤੂੰ ਤਾਂ ਕਰ ਲਈ ਤਿਆਰ ਵੇ
ਚੰਗੇ ਮਾੜੇ ਦਾ ਤਾਂ ਰਹਿੰਦਾ ਤੈਨੂੰ ਨੀ ਖਿਆਲ ਵੇ
ਪਿੱਛੋਂ ਪਛਤਾਏਂਗਾ ਤਾਂ ਹੋਣਾ ਨਹੀਓਂ ਕੁੱਝ
ਤੇਰਾ ਘੜੀ ਪਲ ਦਾ ਨੀ ਕੋਈ ਵਸਾਹ ਬੰਦਿਆ
ਕਰ ਸ਼ੁਕਰਾਨਾ ਓਸ ਸੱਚੇ ਰੱਬ ਤਾਈਂ,
ਜੇ ਤੂੰ ਲੰਘਣਾ ਏਂ ਸਾਗਰਾਂ ਤੋਂ ਪਾਰ ਬੰਦਿਆ

ਐਮੇ ਵਾਲ਼ੇ ਅਸ਼ਨੀ ਨੇ ਗੱਲ ਪੱਲੇ ਬੰਨ ਲਈ
ਗੁਰੂ ਹੈ ਬਾਣੀ ਦੇ ਵਿੱਚ ਇਹੋ ਗੱਲ ਮੰਨ ਲਈ
ਰੱਬ ਦੀ ਰਜਾ ਦੇ ਵਿੱਚ ਰਾਜ਼ੀ ਰਹਿਣਾ ਪੈਣਾ
ਤਾਹੀਓਂ ਤਾਂ ਹੋਣਾ ਤੇਰਾ ਬੇੜਾ ਪਾਰ ਬੰਦਿਆ
ਕਰ ਸ਼ੁਕਰਾਨਾ ਓਸ ਸੱਚੇ ਰੱਬ ਤਾਈਂ,
ਜੇ ਤੂੰ ਲੰਘਣਾ ਏਂ ਸਾਗਰਾਂ ਤੋਂ ਪਾਰ ਬੰਦਿਆ

***

## ਧੋਖਾ ਦੇ ਕੇ ਵੱਸ ਗਈਂ

ਦਿਲ ਦੀਆਂ ਡੂੰਘਾਈਆਂ ਨਾ ਕੋਈ ਮਾਪ ਸਕਿਆ
ਮਨ ਤੇਰੇ ਵਿੱਚ ਮੈਂ ਨਾ ਤਾਕ ਸਕਿਆ
ਤੇਰੇ ਝੂਠੇ ਵਾਅਦਿਆਂ ਦੀ ਮੱਲਮ ਵੀ ਫੇਲ਼ ਹੋ ਗਈ
ਧੋਖਾ ਦੇ ਕੇ ਵੱਸ ਗਈਂ ਏਂ ਸੋਹਣੀਏ ਕਨੇਡਾ ਵਿੱਚ,
ਸਾਨੂੰ ਗਮਾਂ ਦੇ ਸਮੁੰਦਰਾਂ ਚ ਜੇਲ੍ਹ ਹੋ ਗਈ

ਤੇਰੇ ਨਾਲ ਜੋ ਗੁਜ਼ਾਰੇ ਉਹ ਪਲ ਚੇਤੇ ਆਉਂਦੇ ਨੇ
ਕੰਧਾੜੇ ਚੁੱਕ ਭੱਜਣ ਦੇ ਮੇਲੇ ਚੇਤੇ ਆਉਂਦੇ ਨੇ
ਬੇ-ਵਫਾਈਆਂ ਕਰਨਾ ਤਾਂ ਤੇਰੀ ਇੱਕ ਖੇਲ੍ਹ ਹੋ ਗਈ
ਧੋਖਾ ਦੇ ਕੇ ਵੱਸ ਗਈਂ ਏਂ ਸੋਹਣੀਏ ਕਨੇਡਾ ਵਿੱਚ,
ਸਾਨੂੰ ਗਮਾਂ ਦੇ ਸਮੁੰਦਰਾਂ ਚ ਜੇਲ੍ਹ ਹੋ ਗਈ

ਕਾਪੀਆਂ ਕਿਤਾਬਾਂ ਉੱਤੇ ਨਾਂ ਤੇਰਾ ਲਿਖਦਾ ਸੀ
ਯਾਦ ਕਰ ਤੈਨੂੰ ਮੈਂ ਤਾਂ ਫੁੱਲ ਵਾਂਗ ਖਿੜਦਾ ਸੀ
ਪਿਆਰ ਦੇ ਸੁਨੇਹਿਆਂ ਦੀ ਮੇਲ ਹੋ ਗਈ
ਧੋਖਾ ਦੇ ਕੇ ਵੱਸ ਗਈਂ ਏਂ ਸੋਹਣੀਏ ਕਨੇਡਾ ਵਿੱਚ,
ਸਾਨੂੰ ਗਮਾਂ ਦੇ ਸਮੁੰਦਰਾਂ ਚ ਜੇਲ੍ਹ ਹੋ ਗਈ

ਐਮੇ ਵਿੱਚ ਅਸ਼ਨੀ ਨੂੰ ਸਾਰੇ ਹੀ ਤਾਂ ਜਾਣਦੇ ਨੇ
ਤੇਰੇ ਨਾਲ ਨਾਂ ਲਾ ਕੇ ਧੁੱਪਾਂ ਛਾਵਾਂ ਮਾਣਦੇ ਨੇ
ਮੇਰੇ ਲਿਖੇ ਖਤਾਂ ਦੀ ਵੀ ਹੁਣ ਸੇਲ ਹੋ ਗਈ
ਧੋਖਾ ਦੇ ਕੇ ਵੱਸ ਗਈਂ ਏਂ ਸੋਹਣੀਏ ਕਨੇਡਾ ਵਿੱਚ,
ਸਾਨੂੰ ਗਮਾਂ ਦੇ ਸਮੁੰਦਰਾਂ ਚ ਜੇਲ੍ਹ ਹੋ ਗਈ

***

## ਦਿਲ ਮੇਰਾ ਲੈ ਗਈ ਕੱਢ ਕੇ

ਕੁੜੀ ਮਾਰੇ ਤੀਰ ਨਜ਼ਰਾਂ ਦੇ ਕੱਸ ਕੱਸ ਕੇ
ਖਾਂਦਾ ਰਿਹਾ ਮੈਂ ਵੀ ਦਿਲ ਉੱਤੇ ਹੱਸ ਹੱਸ ਕੇ
ਜਦੋਂ ਝਾਂਜਰਾਂ ਨੇ ਸ਼ੋਰ ਮਚਾਇਆ
ਦਿਲ ਮੇਰਾ ਲੈ ਗਈ ਕੱਢ ਕੇ, ਮੈਨੂੰ ਚੰਡੀਗੜ੍ਹ ਰਾਸ ਨਾ ਆਇਆ,
ਦਿਲ ਮੇਰਾ ਲੈ ਗਈ ਕੱਢ ਕੇ

ਵਾਲ਼ ਖੁੱਲ੍ਹੇ ਛੱਡ ਪਾਉਂਦੀ ਕੱਜਲੇ ਦੀ ਧਾਰ ਨੀ
ਦੇਖ ਦੇਖ ਮੁੰਡਿਆਂ ਦੀ ਨਿੱਕਲੇ ਤ੍ਰਾਹ ਨੀ
ਜਦੋਂ ਵੀਣੀਂ ਦੀਆਂ ਵੰਗਾਂ ਨੇ ਸੀ ਗਾਇਆ
ਦਿਲ ਮੇਰਾ ਲੈ ਗਈ ਕੱਢ ਕੇ, ਮੈਨੂੰ ਚੰਡੀਗੜ੍ਹ ਰਾਸ ਨਾ ਆਇਆ,
ਦਿਲ ਮੇਰਾ ਲੈ ਗਈ ਕੱਢ ਕੇ

ਪਤਲਾ ਸਰੀਰ ਉਹਦਾ ਸੋਹਣਾ ਕੱਦ ਕਾਠ ਬਈ
ਹੁਲਾਰੇ ਖਾਂਦਾ ਲੱਕ ਜਿਵੇਂ ਰੇਸ਼ਮੀ ਰੁਮਾਲ ਬਈ
ਚਿੱਟੇ ਦੰਦਾਂ ਨੇ ਸੀ ਹਾਸਾ ਮਹਿਕਾਇਆ
ਦਿਲ ਮੇਰਾ ਲੈ ਗਈ ਕੱਢ ਕੇ, ਮੈਨੂੰ ਚੰਡੀਗੜ੍ਹ ਰਾਸ ਨਾ ਆਇਆ,
ਦਿਲ ਮੇਰਾ ਲੈ ਗਈ ਕੱਢ ਕੇ

ਅੱਖਾਂ ਭਰ ਅਸ਼ਨੀ ਨੂੰ ਦੇਖਿਆ ਸੀ ਕੱਲ ਤੂੰ
ਬੁੱਤ ਬਣ ਖੜਾ ਰਿਹਾ ਮੈਂ ਤਾਂ ਉਹਦੇ ਵੱਲ਼ ਨੂੰ
ਬਾਹੋਂ ਫੜ ਮੈਨੂੰ ਓਸ ਸੀ ਜਗਾਇਆ
ਦਿਲ ਮੇਰਾ ਲੈ ਗਈ ਕੱਢ ਕੇ, ਮੈਨੂੰ ਚੰਡੀਗੜ੍ਹ ਰਾਸ ਨਾ ਆਇਆ,
ਦਿਲ ਮੇਰਾ ਲੈ ਗਈ ਕੱਢ ਕੇ

***

## ਇੱਕ ਫੁੱਲ ਪਿਆ ਬੋਲਦਾ

ਸਰੋਂ ਦੇ ਵੀ ਫੁੱਲ ਦੇਖੇ ਗੋਭੀ ਦੇ ਵੀ ਫੁੱਲ ਦੇਖੇ
ਫੁੱਲਾਂ ਵਿੱਚੋਂ ਫੁੱਲ ਸੂਰਜਮੁਖੀ ਦੇ ਵੀ ਫੁੱਲ ਦੇਖੇ
ਇੱਕ ਫੁੱਲ ਦੇਖ ਦਿਲ ਮੇਰਾ ਜਾਵੇ ਡੋਲਦਾ
ਲਾਲ ਬੁੱਲੀਆਂ ਦੇ ਵਿੱਚ ਮੁਸਕਾ ਕੇ, ਇੱਕ ਫੁੱਲ ਪਿਆ ਬੋਲਦਾ

ਪੱਤੀਆਂ ਦੇ ਵਾਂਗੂੰ ਉਹ ਤਾਂ ਚਮਕਾਂ ਪਈ ਮਾਰੇ
ਭਿੰਨੀ-ਭਿੰਨੀ ਖੁਸ਼ਬੋ ਨੂੰ ਚਾਰੇ ਪਾਸੇ ਹੀ ਖਿਲਾਰੇ
ਵਾਂਗ ਕਮਲਿਆਂ ਮੈਂ ਤਾਂ ਰਹਿੰਦਾ ਉਹਨੂੰ ਟੋਲ਼ਦਾ
ਲਾਲ ਬੁੱਲੀਆਂ ਦੇ ਵਿੱਚ ਮੁਸਕਾ ਕੇ, ਇੱਕ ਫੁੱਲ ਪਿਆ ਬੋਲਦਾ

ਕਲੀਆਂ ਦੇ ਵਾਂਗੂੰ ਉਹ ਤਾਂ ਖਿੜ ਖਿੜ ਹੱਸਦੀ
ਭੌਰਿਆਂ ਦੀ ਜਾਨ ਨੂੰ ਤਾਂ ਸੂਲੀ ਉੱਤੇ ਟੰਗਦੀ
ਮੈਂ ਤਾਂ ਦੁੱਖ ਵੀ ਨਾ ਕਿਸੇ ਨਾਲ ਪਿਆ ਫੋਲਦਾ
ਲਾਲ ਬੁੱਲੀਆਂ ਦੇ ਵਿੱਚ ਮੁਸਕਾ ਕੇ ਇੱਕ ਫੁੱਲ ਪਿਆ ਬੋਲਦਾ

ਐਮੇ ਵਾਲ਼ੇ ਅਸ਼ਨੀ ਨੂੰ ਕਰ ਗਈ ਹੈਰਾਨ ਬਈ
ਛੂਇਆ ਸੀਗਾ ਉਹਨੂੰ ਹੋਇਆ ਲਹੂ-ਲੁਹਾਣ ਬਈ
ਦਿਲ ਲੈਣਾ ਕਿਵੇਂ ਮੈਂ ਤਾਂ ਉਸ ਕੁੜੀ ਸੋਹਲ ਦਾ
ਲਾਲ ਬੁੱਲੀਆਂ ਦੇ ਵਿੱਚ ਮੁਸਕਾ ਕੇ, ਇੱਕ ਫੁੱਲ ਪਿਆ ਬੋਲਦਾ

***

## ਸਿੰਘ ਸੂਰਮਾ

ਵਤਨ ਮੇਰੇ ਨੂੰ ਲੱਗ ਗਈਆਂ ਨਜ਼ਰਾਂ
ਖਾ ਲਿਆ ਇਸ ਨੂੰ ਰੱਜ ਕੇ ਮਗਰਾਂ
ਵੇਖ ਕੇ ਇਨ੍ਹਾਂ ਹਾਲਤਾਂ ਨੂੰ ਤੂੰ ਕਿੰਜ ਪਿਆ ਜਰਦਾਂ ਏਂ
ਔਖੇ ਵੇਲ਼ੇ ਦੇਸ਼ ਦੀ ਖਾਤਿਰ, ਸਿੰਘ ਸੂਰਮਾ ਮਰਦਾ ਏ-2

ਉਲਟੀ ਵਾੜ ਹੀ ਖੇਤ ਨੂੰ ਖਾਵੇ, ਮਾਲ ਬੇਗਾਨਾ ਵੱਢੀ ਜਾਵੇ
ਕਮਜ਼ੋਰਾਂ ਤੇ ਹੁਕਮ ਚਲਾ ਕੇ, ਦੇਸ਼ ਮੇਰੇ ਨੂੰ ਵੰਡੀ ਜਾਵੇ
ਕੀ ਹੋਇਆ ਜੇ ਸੂਰਜ ਵਾਂਗੂੰ ਚਮਕੇ ਨਾ
ਦੀਵਾ ਵੀ ਤਾਂ ਕੁੱਝ ਰੋਸ਼ਨੀ ਕਰਦਾ ਏ
ਔਖੇ ਵੇਲ਼ੇ ਦੇਸ਼ ਦੀ ਖਾਤਿਰ, ਸਿੰਘ ਸੂਰਮਾ ਮਰਦਾ ਏ

ਥਾਂ ਥਾਂ ਤੇ ਨੇ ਉੱਲੂ ਬੈਠੇ, ਬਣੇ ਗਾਲ੍ਹੜ ਪਟਵਾਰੀ
ਬਾਗ ਉਜਾੜ ਕੇ ਘੁੰਮਦੇ ਫਿਰਦੇ, ਉਂਜ ਇਹ ਨੌਕਰ ਸਰਕਾਰੀ
ਤੁਰ ਗਿਆ ਊਧਮ ਨਾ ਮਾਣ ਜਵਾਨੀ
ਹੁਣ ਸਾਰਾ ਜੱਗ ਤਾਂ ਸਿਫਤਾਂ ਕਰਦਾ ਏ
ਔਖੇ ਵੇਲ਼ੇ ਦੇਸ਼ ਦੀ ਖਾਤਿਰ, ਸਿੰਘ ਸੂਰਮਾ ਮਰਦਾ ਏ

ਕੰਮ ਹੀ ਪੂਜਾ ਦਾ ਪਾਠ ਤਾਂ ਪੜਿਆ, ਹੋਣੈ ਐਮੇ ਵਾਲ਼ੇ ਨੇ
ਗੱਦਾਰਾਂ ਦਾ ਕੰਮ ਗੱਦਾਰੀ ਕਰਨੀ, ਹੈ ਵੀ ਉਂਜ ਇਹ ਬਾਹਲ਼ੇ ਨੇ
ਗੱਦਾਰਾਂ ਨੂੰ ਖਾਕ ਚ ਰੋਲ ਕੇ
ਦੇਸ਼ ਮੇਰਾ ਤਾਂ ਸੂਰਬੀਰਾਂ ਦਾ ਪਾਣੀ ਭਰਦਾ ਏ
ਔਖੇ ਵੇਲ਼ੇ ਦੇਸ਼ ਦੀ ਖਾਤਿਰ, ਸਿੰਘ ਸੂਰਮਾ ਮਰਦਾ ਏ

***

## ਨਾ ਵੇ ਰੱਬਾ ਇੰਜ ਨਾ ਕਰੀਂ

ਨਾ ਵੇ ਰੱਬਾ, ਇੰਜ ਨਾ ਕਰੀਂ
ਭੈਣ ਭਰਾਵਾਂ ਦੇ ਰਿਸ਼ਤੇ ਵਿੱਚ ਹਿੰਡ ਨਾ ਕਰੀਂ
ਨਾ ਵੇ ਰੱਬਾ, ਇੰਜ ਨਾ ਕਰੀਂ

ਮਿੱਟੀ ਦੇ ਨਾਲ ਮਿੱਟੀ ਹੋ ਕੇ, ਫਸਲ ਹੈ ਬੀਜੀ ਜਾਂਦੀ
ਪੁੱਤਾਂ ਵਾਂਗੂੰ ਰਾਖੀ ਕਰਕੇ, ਕਦੇ ਰੌਣੀ ਕਦੀ ਗੋਡੀ ਜਾਂਦੀ
ਪੱਕੀ ਫਸਲ ਚ ਗੜ੍ਹੇ ਮਾਰ ਕੇ, ਛਿੰਜ ਨਾ ਕਰੀਂ
ਨਾ ਵੇ ਰੱਬਾ, ਇੰਜ ਨਾ ਕਰੀਂ

ਦਸਾਂ ਨੂੰਹਾਂ ਦੀ ਕੀਤੀ ਕਮਾਈ, ਕੁਦਰਤ ਨੇ ਵੀ ਬਰਕਤ ਪਾਈ
ਡਰਦਾ ਏ ਦਿਲ ਸੱਚੇ ਰੱਬ ਤੋਂ, ਦੂਣ ਸਵਾਈ ਰਹਿਮਤ ਪਾਈ
ਮਿਹਨਤ ਦੀਆਂ ਇਸ ਹੱਟੀਆਂ ਨੂੰ, ਖਿੰਡ ਨਾ ਕਰੀਂ
ਨਾ ਵੇ ਰੱਬਾ, ਇੰਜ ਨਾ ਕਰੀਂ

ਐਮੇ ਵਾਲ਼ਾ ਅਸ਼ਨੀ ਰੱਬਾ, ਰੱਖਦਾ ਏ ਹੱਥ ਜੋੜੀ
ਦੁੱਧ ਪੁੱਤ ਸੱਭ ਨੂੰ ਦੇਵੀਂ ਮਾਲਕਾ, ਕਿਸੇ ਤੋਂ ਮੁੱਖ ਨਾ ਮੋੜੀਂ
ਉੱਜੜੇ ਪੁੱਜੜੇ ਘਰਾਂ ਵਾਲ਼ੇ, ਪਿੰਡ ਨਾ ਕਰੀਂ
ਨਾ ਵੇ ਰੱਬਾ, ਇੰਜ ਨਾ ਕਰੀਂ

***

## ਮੈਂ ਤਾਂ ਦੇਖਿਆ

ਪਤਲੀ ਤੇ ਲੰਬੀ ਕੁੜੀ ਸਾਡੇ ਪੰਜ ਫੁੱਟ ਦੀ
ਜੂੜੇ ਉੱਤੇ ਕਾਲ਼ੀ ਜਾਲ਼ੀ ਜਾਵੇ ਦਿਲ ਲੁੱਟਦੀ
ਖਾਕੀ ਵਰਦੀ ਚ ਲਗਦੀ ਆ ਉਹ ਤਾਂ ਘੈਂਟ ਬਈ
ਮੈਂ ਤਾਂ ਦੇਖਿਆ, ਆਸ਼ਕਾਂ ਨੂੰ ਜਾਵੇ ਉਹ ਤਾਂ ਨਿੱਤ ਫੈਂਟ ਬਈ,
ਮੈਂ ਤਾਂ ਦੇਖਿਆ

ਪਤਲੇ ਜਿਹੇ ਲੱਕ ਉੱਤੇ ਪੈਂਟ ਬੜੀ ਫੱਬਦੀ
ਤੰਗ ਜਿਹੀ ਕਮੀਜ਼ ਪਾ ਕੇ ਦਿਲ ਜਾਵੇ ਠੱਗਦੀ
ਹੱਥ ਵਿੱਚ ਫੜੀ ਰੱਖੇ ਉਹ ਤਾਂ ਬੈਂਤ ਬਈ
ਮੈਂ ਤਾਂ ਦੇਖਿਆ, ਆਸ਼ਕਾਂ ਨੂੰ ਜਾਵੇ ਉਹ ਤਾਂ ਨਿੱਤ ਫੈਂਟ ਬਈ,
ਮੈਂ ਤਾਂ ਦੇਖਿਆ

ਆਕੜ ਕੇ ਚੱਲੇ ਕਦੀ ਜਿਪਸੀ ਚ ਬਹਿ ਜਾਵੇ
ਦਿਲ ਕਰੇ ਭੁੱਲ ਭੁਲੇਖੇ ਉਹ ਮੇਰੇ ਨਾਲ਼ ਖਹਿ ਜਾਵੇ
ਹੌਂਸਲਾ ਜਿਹਾ ਕਰਕੇ ਮੈਂ ਤਾਂ ਮਾਰੀ ਸੈਂਤ ਬਈ
ਮੈਂ ਤਾਂ ਦੇਖਿਆ, ਆਸ਼ਕਾਂ ਨੂੰ ਜਾਵੇ ਉਹ ਤਾਂ ਨਿੱਤ ਫੈਂਟ ਬਈ,
ਮੈਂ ਤਾਂ ਦੇਖਿਆ

ਅਸ਼ਨੀ ਨੂੰ ਬਾਈ ਵਾਲ਼ੇ ਚੌਂਕ ਵਿੱਚ ਘੇਰਿਆ
ਮਨ ਵਿੱਚ ਕਿਹਾ ਮੈਂ ਬਚਾਈਂ ਰੱਬਾ ਮੇਰਿਆ
ਪਿਆਰ ਨਾਲ ਕਹਿ ਗਈ ਉਹ ਤਾਂ ਮੈਨੂੰ ਸੈਂਟ ਬਈ
ਮੈਂ ਤਾਂ ਦੇਖਿਆ, ਆਸ਼ਕਾਂ ਨੂੰ ਜਾਵੇ ਉਹ ਤਾਂ ਨਿੱਤ ਫੈਂਟ ਬਈ,
ਮੈਂ ਤਾਂ ਦੇਖਿਆ

***

## ਡਰਦਾ ਕੋਈ ਨਾ ਛੂਵੇ

ਇੱਕ ਤੇਰਾ ਰੰਗ ਗੋਰਾ ਉੱਤੋਂ ਜਾਵੇ ਸੰਗਦੀ
ਗੋਰੇ ਗੋਰੇ ਗੱਲ੍ਹਾਂ ਉੱਤੇ ਲਾਲੀ ਸੂਹੇ ਰੰਗ ਦੀ
ਤੇਰੇ ਨੈਣਾਂ ਵਿੱਚ ਬਲ਼ਦੀ ਏ ਸੁਲਫੇ ਦੀ ਲਾਟ
ਡਰਦਾ ਕੋਈ ਨਾ ਛੂਵੇ, ਮਾਰਦੀ ਏਂ ਥ੍ਰੀ ਫੇਸ ਸ਼ਾਟ

ਵਾਲ਼ਾਂ ਵਿੱਚ ਰੱਖਦੀ ਏਂ ਬੱਦਲ਼ ਲੁਕਾ ਕੇ
ਭਿੱਜ ਗਏ ਆਂ ਸੋਹਣੀਏ ਨੀ ਤੇਰੇ ਕੋਲ ਆ ਕੇ
ਤੇਰੇ ਵੱਲ ਤੱਕੇ ਜਿਹੜਾ ਉਹਦੀ ਨਿੱਕਲੇ ਤਰਾਟ
ਡਰਦਾ ਕੋਈ ਨਾ ਛੂਵੇ, ਮਾਰਦੀ ਏਂ ਥ੍ਰੀ ਫੇਸ ਸ਼ਾਟ

ਪੰਜਾਬੀ ਜੁੱਤੀ ਪਾਉਨੀ ਏਂ ਤੂੰ ਘੁੰਗਰੂ ਲਗਾ ਕੇ
ਅੰਬਰ ਵੀ ਤੱਕੇ ਤੈਨੂੰ ਨੀਵੀਂ ਜਿਹੀ ਪਾ ਕੇ
ਲ਼ੱਖਾਂ ਕੁੜੀਆਂ ਚ ਲੱਭਿਆ ਪਰ ਤੇਰਾ ਕੋਈ ਨਹੀਓਂ ਕਾਟ
ਡਰਦਾ ਕੋਈ ਨਾ ਛੂਵੇ, ਮਾਰਦੀ ਏਂ ਥ੍ਰੀ ਫੇਸ ਸ਼ਾਟ

ਤੁਰਦੀ ਏਂ ਜਦੋਂ ਤੂੰ ਪਹਾੜ ਪਿਆ ਡੋਲਦਾ
ਐਮੇ ਵਾਲ਼ਾ ਅਸ਼ਨੀ ਤਾਂ ਮੂੰਹੋਂ ਨਹੀਓਂ ਬੋਲਦਾ
ਮਾਰਦੀ ਏਂ ਜਦੋਂ ਜੂਡੋ ਵਾਲ਼ਾ ਤੂੰ ਕਰਾਟ
ਡਰਦਾ ਕੋਈ ਨਾ ਛੂਵੇ, ਮਾਰਦੀ ਏਂ ਥਰੀ ਫੇਸ ਸ਼ਾਟ

***

## ਸਾਡੇ ਕਾਲਜ ਚ ਫੰਕਸ਼ਨ

ਢੋਲੀਆ ਵੇ ਢੋਲ ਉੱਤੇ ਲਹਿਰੀਏ ਦਾ ਡਗਾ ਲਾ ਦੇ
ਭੰਗੜੇ ਚ ਬੋਲੀ ਪਾ ਕੇ ਸਾਰੇ ਪਾਸੇ ਅੱਗਾਂ ਲਾ ਦੇ
ਮੁੰਡੇ ਕੁੜੀਆਂ ਨੇ ਅੱਜ ਹੈ ਨੱਚਣਾ
ਸਾਲ ਪਿੱਛੋਂ ਆਇਆ ਸਾਡੇ ਕਾਲਜ ਚ ਫੰਕਸ਼ਨ,
ਸਾਰਿਆਂ ਨੇ ਅੱਡੀ ਮਾਰ ਨੱਚਣਾ

ਕੀ ਪ੍ਰੋਫੈਸਰ ਤੇ ਕੀ ਨੇ ਅੱਜ ਮੈਡਮਾਂ, ਸਾਰੇ ਬਣੇ ਬੈਠੇ ਰੈੱਡ ਰੋਜ਼ ਬਈ
ਜੋੜੀਆਂ ਲਈ ਜਿਵੇਂ ਇਹ ਤਾਂ ਮੇਲਾ ਬਣ ਆ ਗਿਆ,
ਬੈਠੇ ਕਿੰਝ ਜੁੜ ਕੇ ਕਲੋਜ ਬਈ
ਇਹਨਾਂ ਸਾਰਿਆਂ ਨੇ ਅੱਜ ਹੈ ਮੱਚਣਾ
ਸਾਲ ਪਿੱਛੋਂ ਆਇਆ ਸਾਡੇ ਕਾਲਜ ਚ ਫੰਕਸ਼ਨ ......

ਕੁੜੀਆਂ ਤਾਂ ਗਿੱਧੇ ਦੀ ਤਿਆਰੀ ਕਰੀ ਬੈਠੀਆਂ ਨੇ,
ਮੁੰਡਿਆਂ ਨੇ ਕਾਟੋ ਖੜਕਾਉਣੀਆਂ
ਸਾੜ੍ਹੀਆਂ ਨੂੰ ਲਾ ਕੇ ਕੁੱਝ ਜੱਚਦੀਆਂ ਫਿਰਦੀਆਂ,
ਕੁੱਝ ਪਈਆਂ ਰੀਬਨ ਕਟਾਉਂਦੀਆਂ
ਅੱਜ ਕਿਸੇ ਦਾ ਸਟੈੱਪ ਵੀ ਨਾ ਉੱਕਣਾ
ਸਾਲ ਪਿੱਛੋਂ ਆਇਆ ਸਾਡੇ ਕਾਲਜ ਚ ਫੰਕਸ਼ਨ ......

ਐਮੇ ਵਾਲ਼ੇ ਅਸ਼ਨੀ ਨੇ ਭੰਗੜਾ ਹੈ ਪਾਉਣਾ,
ਅਸੀਂ ਕੀਤੀ ਹੈ ਤਿਆਰੀ ਇੱਕ ਖਾਸ ਬਈ
ਇੱਕ ਕੁੜੀ ਉੱਤੇ ਮੇਰੀ ਅੱਖ ਤਿੰਨ ਸਾਲਾਂ ਤੋਂ,
ਬੁਲਾਉਣਾ ਹੈ ਉਹਨੂੰ ਅੱਜ ਪਾਸ ਬਈ
ਦੋਵਾਂ ਰਲ਼ ਕੇ ਅਸਾਂ ਨੇ ਹਵਾ ਵਿੱਚ ਉੱਡਣਾ
ਸਾਲ ਪਿੱਛੋਂ ਆਇਆ ਸਾਡੇ ਕਾਲਜ ਚ ਫੰਕਸ਼ਨ ......

***

## ਤੱਕਦੇ ਨੇ ਚੜ੍ਹ ਕੇ ਚੁਬਾਰੇ

ਮੁੰਡਿਆਂ ਚ ਸੋਹਣੀਏ ਨੀ ਰਹਿੰਦੇ ਤੇਰੇ ਚਰਚੇ
ਪੁਲਿਸ ਵੀ ਥੱਕ ਗਈ ਏ ਲਿਖ ਲਿਖ ਪਰਚੇ
ਲੱਕ ਪਤਲੇ ਦੇ ਤੇਰੇ ਹੁਲਾਰੇ
ਡਰਦਾ ਕੋਈ ਨਾ ਮੁੰਡਾ ਬਾਹਰ ਨਿੱਕਲੇ ਨੀ,
ਸਾਰੇ ਤੱਕਦੇ ਨੇ ਚੜ੍ਹ ਕੇ ਚੁਬਾਰੇ

ਕੁੱਝ ਤੇਰੀ ਅੱਖਾਂ ਵਿੱਚ ਕੈਦ ਹੋ ਗਏ
ਕੁੱਝ ਮਰ ਜਾਣੀਏ ਨੀ ਵੈਦ ਹੋ ਗਏ
ਕੁੱਝ ਸਹਿਕਦੇ ਨਸੀਬਾਂ ਮਾਰੇ
ਡਰਦਾ ਕੋਈ ਨਾ ਮੁੰਡਾ ਬਾਹਰ ਨਿੱਕਲੇ ਨੀ,
ਸਾਰੇ ਤੱਕਦੇ ਨੇ ਚੜ੍ਹ ਕੇ ਚੁਬਾਰੇ

ਕਈਆਂ ਨੂੰ ਤੂੰ ਰੋਲ਼ ਦਿੱਤਾ ਕਈਆਂ ਨੂੰ ਤੂੰ ਡੋਬ ਦਿੱਤਾ
ਕਈਆਂ ਘੈਂਟ ਮੁੰਡਿਆਂ ਦੇ ਪੱਲੇ ਬੰਨ ਸੋਗ ਦਿੱਤਾ
ਕੋਈ ਗੱਲ ਵੀ ਨਾ ਕਰਨ ਵਿਚਾਰੇ
ਡਰਦਾ ਕੋਈ ਨਾ ਮੁੰਡਾ ਬਾਹਰ ਨਿੱਕਲੇ ਨੀ,
ਸਾਰੇ ਤੱਕਦੇ ਨੇ ਚੜ੍ਹ ਕੇ ਚੁਬਾਰੇ

ਐਮੇ ਵਾਲ਼ੇ ਅਸ਼ਨੀ ਨੂੰ ਤੂੰ ਤਾਂ ਚੰਗੀ ਚੋਟ ਦਿੱਤੀ
ਖੌਰੇ ਕਿਹੜੀ ਜੜ੍ਹੀ ਬੂਟੀ ਉਹਦੇ ਸਿਰ ਘੋਟ ਦਿੱਤੀ
ਸਾਰੀ ਰਾਤ ਲੰਘ ਜਾਂਦੀ ਗਿਣ ਤਾਰੇ
ਡਰਦਾ ਕੋਈ ਨਾ ਮੁੰਡਾ ਬਾਹਰ ਨਿੱਕਲੇ ਨੀ,
ਸਾਰੇ ਤੱਕਦੇ ਨੇ ਚੜ੍ਹ ਕੇ ਚੁਬਾਰੇ

***

## ਇਹ ਤੇ ਕੁੜੀ ਏ ਕਮਾਲ

ਗੋਰੇ ਗੋਰੇ ਮੁੱਖੜੇ ਤੇ ਕਾਲ਼ੇ ਚਸ਼ਮੇ ਨੂੰ ਲਾ ਕੇ
ਵੈਗਨ-ਆਰ ਗੱਡੀ ਉੱਤੇ ਅਸ਼ਨੀ ਦੇ ਗੀਤ ਲਾ ਕੇ
ਤੂੰ ਤਾਂ ਸੜਕਾਂ ਤੇ ਅੱਜ ਪਾਉਣੀ ਲਗਦੀ ਧਮਾਲ
ਸਾਰੇ ਲੋਕੀਂ ਕਹਿੰਦੇ ਤੈਨੂੰ ਸੋਹਣੀਏ, ਇਹ ਤੇ ਕੁੜੀ ਏ ਕਮਾਲ

ਨਾ ਤੂੰ ਕਦੇ ਝੱਕਦੀ ਏਂ ਨਾ ਤੂੰ ਕਦੇ ਸੰਗਦੀ ਏਂ
ਮੁੰਡਿਆਂ ਦੇ ਵਾਂਗੂੰ ਤੂੰ ਖੰਘੂਰਾ ਮਾਰ ਲੰਘਦੀ ਏਂ
ਬਣ ਗਈ ਏਂ ਸਾਰਿਆਂ ਲਈ ਔਖਾ ਤੂੰ ਸਵਾਲ
ਸਾਰੇ ਲੋਕੀਂ ਕਹਿੰਦੇ ਤੈਨੂੰ ਸੋਹਣੀਏ, ਇਹ ਤੇ ਕੁੜੀ ਏ ਕਮਾਲ

ਪਾਵੇਂ ਸੂਟ ਭਾਵੇਂ ਤੂੰ ਤਾਂ ਪਾਵੇਂ ਟੌਪ ਜੀਨ ਨੀ
ਜੱਚਦੀ ਆ ਤੇਰੇ ਉੱਤੇ ਕੁੜਤੀ ਵੀ ਸ਼ੀਂਟ ਦੀ
ਗਾਉਣਾ ਭੁੱਲ ਗਏ ਨੇ ਤੈਨੂੰ ਵੇਖ ਕੇ ਕੱਵਾਲ਼
ਸਾਰੇ ਲੋਕੀਂ ਕਹਿੰਦੇ ਤੈਨੂੰ ਸੋਹਣੀਏ, ਇਹ ਤੇ ਕੁੜੀ ਏ ਕਮਾਲ

ਐਮਾਂ ਜੱਟਾਂ ਪਿੰਡ ਵਿੱਚ ਬਣੀ ਤੇਰੀ ਟੌਹਰ ਨੀ
ਸਾਰੇ ਮੁੰਡੇ ਚਾਹੁੰਦੇ ਬਣਨਾ ਤੇਰਾ ਸ਼ੌਹਰ ਨੀ
ਤੇਰੇ ਰਾਹਾਂ ਵਿੱਚ ਸੁੱਟ ਜਾਂਦੇ ਨਾਂ ਲਿਖ ਕੇ ਰੁਮਾਲ
ਸਾਰੇ ਲੋਕੀਂ ਕਹਿੰਦੇ ਤੈਨੂੰ ਸੋਹਣੀਏ, ਇਹ ਤੇ ਕੁੜੀ ਏ ਕਮਾਲ

***

## ਦੁੱਖਾਂ ਦੀ ਝੜੀ ਦੇ ਵਿੱਚ

ਸਾਡੀ ਜ਼ਿੰਦਗੀ ਦੇ ਵਿੱਚ ਠੰਡੀਆਂ ਹਵਾਵਾਂ ਸੀ
ਕਿਤੇ ਕਿਤੇ ਬੁੱਲਾ ਆਉਂਦਾ ਹਉਕਿਆਂ ਤੇ ਹਾਵਾਂ ਸੀ
ਹੁਣ ਤਾਂ ਗਮਾਂ ਨੇ ਇੰਜ ਲਿਆ ਮੈਨੂੰ ਘੇਰ ਏ
ਦੁੱਖਾਂ ਦੀ ਝੜੀ ਦੇ ਵਿੱਚ ਲੰਘਦੀ ਸਵੇਰ ਏ

ਦਿਲ ਦਿਆਂ ਜ਼ਖਮਾਂ ਦਾ ਔਖਾ ਹੋ ਗਿਆ ਸੁੱਕਣਾ
ਵਗਦਿਆਂ ਹੰਝੂਆਂ ਨੇ ਹੁਣ ਨਹੀਓਂ ਰੁਕਣਾ
ਖੁਸ਼ੀਆਂ ਤੇ ਖੇੜਿਆਂ ਨੇ ਲਿਆ ਮੂੰਹ ਫੇਰ ਏ
ਦੁੱਖਾਂ ਦੀ ਝੜੀ ਦੇ ਵਿੱਚ ਲੰਘਦੀ ਸਵੇਰ ਏ

ਅਸੀਂ ਨਹੀਓਂ ਜਾਣਦੇ ਸੀ ਕੀ ਬਲਾ ਏ ਟੈਂਸ਼ਨ
ਹੁਣ ਸਾਡੇ ਘਰ ਆਉਂਦੀ ਗਮਾਂ ਦੀ ਪੈਂਨਸ਼ਨ
ਰੋਂਦਿਆਂ ਨੂੰ ਵੇਖਦੀ ਮੱਸਿਆ ਹਨੇਰ ਏ
ਦੁੱਖਾਂ ਦੀ ਝੜੀ ਦੇ ਵਿੱਚ ਲੰਘਦੀ ਸਵੇਰ ਏ

ਐਮੇ ਵਾਲ਼ੇ ਅਸ਼ਨੀ ਨੇ ਤੈਨੂੰ ਨਾ ਭੁਲਾਇਆ ਸੀ
ਪੀੜਾਂ ਤੇਰੀਆਂ ਨੇ ਮੈਨੂੰ ਬੜਾ ਹੀ ਰੁਲਾਇਆ ਸੀ
ਯਾਦ ਤੇਰੀ ਬਣ ਗਈ ਮੇਰੇ ਫੱਟਾਂ ਤੇ ਨਾਸੂਰ ਏ
ਦੁੱਖਾਂ ਦੀ ਝੜੀ ਦੇ ਵਿੱਚ ਲੰਘਦੀ ਸਵੇਰ ਏ

***

## ਨਹੀਓਂ ਰਹਿਣਾ ਏ ਕੱਲਾ

ਗੋਰੇ ਮੁੱਖੜੇ 'ਤੇ ਕਾਲਾ ਤਿਲ਼ ਕਰਦਾ ਸ਼ਰਾਰਤਾਂ
ਬਿੱਲੀਆਂ ਅੱਖਾਂ ਦੇ ਨਾਲ ਪਾਉਂਦਾ ਉਹ ਬੁਝਾਰਤਾਂ
ਤੇਰੀ ਚੀਚੀ ਵਾਲ਼ਾ ਬੋਲਦਾ ਏ ਛੱਲਾ
ਮੈਂ ਹੁਣ ਨਹੀਓਂ ਰਹਿਣਾ ਏ ਕੱਲਾ

ਨੱਕ ਵਾਲ਼ੇ ਕੋਕੇ ਦੀਆਂ ਗੱਲਾਂ ਚਾਰੇ ਪਾਸੇ
ਹਵਾ ਵਿੱਚ ਘੋਲ਼ਦੀ ਏਂ ਹੱਸ ਕੇ ਪਤਾਸੇ
ਕਹਿੰਦਾ ਉੱਡਦਾ ਡੋਰੀਆ ਅਵੱਲਾ
ਮੈਂ ਹੁਣ ਨਹੀਓਂ ਰਹਿਣਾ ਏ ਕੱਲਾ

ਵੀਣੀ ਵਿੱਚ ਨੀਲੀਆਂ ਨੇ ਕੱਚ ਦੀਆਂ ਵੰਗਾਂ
ਦਿਲ ਲੁੱਟ ਲਿਆ ਤੇਰੀ ਕਹਿਰ ਦੀਆਂ ਸੰਗਾਂ
ਕਹਿੰਦਾ ਵੱਸ ਵਿੱਚ ਨਹੀਓਂ ਦਿਲ ਝੱਲਾ
ਮੈਂ ਹੁਣ ਨਹੀਓਂ ਰਹਿਣਾ ਏ ਕੱਲਾ

ਝਾਂਜਰਾਂ ਦੇ ਬੋਰ ਤੇਰੇ ਮਿੱਠਾ ਗੀਤ ਗਾਂਵਦੇ
ਅਸ਼ਨੀ ਦੇ ਕੰਨਾਂ ਵਿੱਚ ਰਸ ਘੋਲ਼ੀ ਜਾਂਵਦੇ
ਗੁੱਤ ਬਣ ਕੇ ਸ਼ਰਾਬੀ ਕਹਿਣ ਲੱਗੀ
ਮੈਂ ਹੁਣ ਨਹੀਓਂ ਰਹਿਣਾ ਏ ਕੱਲੀ

***

## ਲਾਹੌਰ ਨੂੰ ਜਾਂਦੇ ਵੀਰੋ

ਲਾਹੌਰ ਨੂੰ ਜਾਂਦੇ ਵੀਰੋ, ਇੱਕ ਗੱਲ ਮੇਰੀ ਸੁਣ ਜਾਇਓ
ਦਿਲ ਮਿਲੇ ਭਾਵੇਂ ਨਾ ਮਿਲੇ, ਮੀਂਹ ਖ਼ੁਸ਼ੀਆਂ ਦਾ ਬਰਸਾ ਆਇਓ
ਲਾਹੌਰ ਨੂੰ ਜਾਂਦੇ ਵੀਰੋ, ਇੱਕ ਗੱਲ ਮੇਰੀ ਸੁਣ ਜਾਇਓ

ਉਹ ਵੀ ਮੇਰੇ ਦਿਲ ਦਾ ਟੁਕੜਾ, ਕੋਈ ਓਪਰਾ ਨਾਹੀਂ
ਹੱਥੀਂ ਲਾਇਆ ਬੂਟਾ ਮੇਰਾ, ਤੁਸੀਂ ਬੈਠੇ ਸੀ ਰਲ਼ ਕੇ ਛਾਵੀਂ
ਛਾਂ ਵੀ ਵੰਡ ਲਈ, ਮਾਂ ਵੀ ਵੰਡ ਲਈ, ਹੁਣ ਵੰਡ ਕੇ ਦੁੱਖ ਵੀ ਆਇਓ
ਲਾਹੌਰ ਨੂੰ ਜਾਂਦੇ ਵੀਰੋ, ਇੱਕ ਗੱਲ ਮੇਰੀ ਸੁਣ ਜਾਇਓ

ਜੇਹਲਮ ਅਤੇ ਝਨਾਬ ਤਾਂ ਮੈਨੂੰ, ਹੁਣ ਕਦੇ ਨਹੀਂ ਡਿੱਠਾ
ਤੂਤਾਂ ਵਾਲ਼ਾ ਖੂਹ ਤਾਂ ਮੈਥੋਂ, ਸੱਠ ਸਾਲਾਂ ਤੋਂ ਰੁੱਠਾ
ਕਸੂਰ ਸ਼ਹਿਰ ਦੀ ਇੱਕ ਬਸਤੀ ਵਿੱਚ, ਸੀਸ ਝੁਕਾ ਕੇ ਆਇਓ
ਲਾਹੌਰ ਨੂੰ ਜਾਂਦੇ ਵੀਰੋ, ਇੱਕ ਗੱਲ ਮੇਰੀ ਸੁਣ ਜਾਇਓ

ਐਮੇ ਵਾਲ਼ੇ ਅਸ਼ਨੀ ਨੇ ਸੀ, ਜਾਣਾ ਉੱਥੇ ਚਾਹਿਆ
ਕੰਡਿਆਲ਼ੀ ਇਸ ਤਾਰ ਨੇ ਸਾਨੂੰ, ਵਿੱਛੜਿਆਂ ਨਾ ਮਿਲਾਇਆ
ਜਾਂ ਮੈਂ ਉੱਥੇ ਉੱਡ ਕੇ ਜਾਵਾਂ, ਜਾਂ ਤਾਰਾਂ ਤੋੜ ਕੇ ਆਇਓ
ਲਾਹੌਰ ਨੂੰ ਜਾਂਦੇ ਵੀਰੋ, ਇੱਕ ਗੱਲ ਮੇਰੀ ਸੁਣ ਜਾਇਓ

***

# ਅਸੀਂ ਐਵੇਂ ਜਿੰਦਗੀ ਨੂੰ

ਇੱਕ ਪਾਸਾ ਅਸੀਂ ਰਹੇ ਪਿਆਰ ਤੈਨੂੰ ਕਰਦੇ
ਤੇਰੀਆਂ ਅਦਾਵਾਂ ਉੱਤੇ ਦਿਨੇ ਰਾਤੀਂ ਮਰਦੇ
ਅਸੀਂ ਝੂਠਾ ਜਿਹਾ ਦਿਲ ਨੂੰ ਦਿਲਾਸਾ ਲਾ ਲਿਆ
ਸੋਹਣਿਆਂ ਦੇ ਦਿਲਾਂ ਤੱਕ ਖਬਰ ਨਾ ਗਈ,
ਅਸੀਂ ਐਵੇਂ ਜ਼ਿੰਦਗੀ ਨੂੰ ਗਮਾਂ ਵਿੱਚ ਪਾ ਲਿਆ

ਸਾਰੇ ਹੀ ਕਾਲਜ ਵਿੱਚ ਹੁੰਦੀਆਂ ਸੀ ਗੱਲਾਂ,
ਮੈਂ ਤਾਂ ਕਿੰਨਾ ਤੈਨੂੰ ਕਰਦਾ ਪਿਆਰ ਸੀ
ਤੂੰ ਨਾ ਕਦੇ ਵੇਖਿਆ ਸੀ ਅੱਖਾਂ ਚੁੱਕ ਮੈਨੂੰ,
ਮੈਂ ਤਾਂ ਸਮਝਿਆ ਤੇਰਾ ਇਕਰਾਰ ਸੀ
ਤੇਰੀ ਤੋਰ ਦਾ ਤਾਂ ਮੇਰੇ ਉੱਤੇ ਜਾਦੂ ਛਾ ਗਿਆ
ਸੋਹਣਿਆਂ ਦੇ ਦਿਲਾਂ ਤੱਕ ਖਬਰ ਨਾ ਗਈ,
ਅਸੀਂ ਐਵੇਂ ਜ਼ਿੰਦਗੀ ਨੂੰ ਗਮਾਂ ਵਿੱਚ ਪਾ ਲਿਆ

ਕਿਵੇਂ ਉਹ ਤਾਂ ਹੱਸਦੀ ਸੀ ਕਿਵੇਂ ਉਹ ਤਾਂ ਜੱਚਦੀ ਸੀ,
ਕਿਵੇਂ ਲਿਖੇ ਕਾਪੀ ਉੱਤੇ ਨਾਂ ਬਈ
ਇੱਕ ਇੱਕ ਗੱਲ ਮੈਂ ਤਾਂ ਉਹਦੀ ਨੋਟ ਕੀਤੀ,
ਕਿੰਨੇ ਪਾਏ ਉਹਨੇ ਸਾਲ ਵਿੱਚ ਸੂਟ ਬਈ
ਮੈਂ ਤਾਂ ਅੱਖਾਂ ਨੂੰ ਵੀ ਐਵੇਂ ਝੂਠੇ ਚਾਅ ਚ ਲਾ ਲਿਆ
ਸੋਹਣਿਆਂ ਦੇ ਦਿਲਾਂ ਤੱਕ ਖਬਰ ਨਾ ਗਈ,
ਅਸੀਂ ਐਵੇਂ ਜ਼ਿੰਦਗੀ ਨੂੰ ਗਮਾਂ ਵਿੱਚ ਪਾ ਲਿਆ

ਐਮੇ ਵਾਲ਼ੇ ਅਸ਼ਨੀ ਨੂੰ ਨਾ ਤਾਂ ਕੋਈ ਜਾਣਦਾ ਸੀ,
ਨਾ ਹੀ ਕੋਈ ਕਰਦਾ ਪਿਆਰ ਸੀ

ਗਮਾਂ ਦੇ ਸਮੁੰਦਰਾਂ ਚ ਰਿਹਾ ਗੋਤੇ ਖਾਂਦਾ,
ਮੇਰਾ ਨਾਂ ਤਾਂ ਕੋਈ ਆੜੀ ਬੇਲੀ ਯਾਰ ਸੀ
ਅਸੀਂ ਮੌਤ ਨੂੰ ਵੀ ਹੱਸ ਹੱਸ ਸੀਨੇ ਲਾ ਲਿਆ
ਸੋਹਣਿਆਂ ਦੇ ਦਿਲਾਂ ਤੱਕ ਖਬਰ ਨਾ ਗਈ,
ਅਸੀਂ ਐਵੇਂ ਜ਼ਿੰਦਗੀ ਨੂੰ ਗਮਾਂ ਵਿੱਚ ਪਾ ਲਿਆ

***

## ਨੀ ਤੈਨੂੰ ਤੱਕਦੇ ਨੂੰ

ਹੁਸਨ ਤੇਰਾ ਜਿਵੇਂ ਚੰਨ ਦਾ ਟੁਕੜਾ, ਚਮ ਚਮ ਚਮਕਾਂ ਮਾਰੇ
ਨੇਰਿਆਂ ਦੇ ਵਿੱਚ ਕਰੇ ਉਜਾਲਾ, ਵਾਂਗ ਹੀਰ ਦੇ ਛਮਕਾਂ ਮਾਰੇ
ਵੀਨਸ ਦਾ ਬੁੱਤ ਬਣ ਕੇ ਰਹਿ ਗਈ, ਤੇਰੀ ਧੌਣ ਲੰਮੀ ਲਮੇਰ
ਨੀ ਤੈਨੂੰ ਤੱਕਦੇ ਨੂੰ, ਚੜ੍ਹ ਗਈ ਚਿੱਟੀ ਸਵੇਰ

ਨੈਣਾਂ ਦੇ ਵਿੱਚ ਅੱਗ ਲੁਕੋਈ, ਜਿਗਰ ਨੂੰ ਸੇਕਾ ਆਵੇ
ਬੁੱਲੀਆਂ ਦੇ ਵਿੱਚ ਨਰਮ ਜਿਹੀ ਹਾਸੀ, ਦਿਲ ਨੂੰ ਫੁੰਡਦੀ ਜਾਵੇ
ਖੁੱਲੇ ਵਾਲ਼ ਇੰਜ ਜਾਪਦੇ, ਜਿੱਦਾਂ ਛਾਈਆਂ ਕਾਲ਼ੀਆਂ ਘਟਾਂ ਘਨਘੋਰ
ਨੀ ਤੈਨੂੰ ਤੱਕਦੇ ਨੂੰ, ਚੜ੍ਹ ਗਈ ਚਿੱਟੀ ਸਵੇਰ

ਗੱਲਾਂ ਕਰਦੀ ਇੰਜ ਪਈ ਜਾਪੇ, ਜਿਵੇਂ ਮੀਂਹ ਦੀ ਵਾਛੜ ਆਵੇ
ਤਪਦੇ ਪਿੰਡੇ ਮੇਰੇ ਨੂੰ ਉਹ, ਅੰਦਰੋਂ ਠਾਰਦੀ ਜਾਵੇ
ਭਿੱਜ ਕੇ ਹੋਇਆਂ ਪਾਣੀਓਂ ਪਾਣੀ, ਜਾਪੇ ਜਿਵੇਂ ਪਈ ਹੋਵੇ ਫੁੱਲ ਤੇ ਤਰੇਲ਼
ਨੀ ਤੈਨੂੰ ਤੱਕਦੇ ਨੂੰ, ਚੜ੍ਹ ਗਈ ਚਿੱਟੀ ਸਵੇਰ

ਐਮੇ ਵਾਲ਼ੇ ਅਸ਼ਨੀ ਨੂੰ ਤਾਂ, ਫੁਰਨਾ ਇੱਕ ਦਿਨ ਫੁਰਿਆ
ਡੋਲ਼ੀ ਦੇ ਵਿੱਚ ਬੈਠੀ ਸੀ ਤੂੰ, ਮੈਂ ਸਿਹਰੇ ਬੰਨ ਅੱਗੇ ਤੁਰਿਆ
ਸ਼ਗਨਾਂ ਨਾਲ ਵਿਆਹੇ ਆਪਾਂ, ਗੱਲਾਂ ਹੋਣ ਲੱਗੀਆਂ ਚਾਰੋਂ–ਚੁਫੇਰ
ਨੀ ਤੈਨੂੰ ਤੱਕਦੇ ਨੂੰ, ਚੜ੍ਹ ਗਈ ਚਿੱਟੀ ਸਵੇਰ

***

# ਮੇਰਾ ਜੀ ਕਰਦਾ

ਰਾਂਝੇ ਵਾਂਗੂੰ ਜੋਗੀ ਅਖਵਾਉਣ ਨੂੰ, ਮੇਰਾ ਜੀ ਕਰਦਾ
ਕੰਨਾਂ ਵਿੱਚ ਮੁੰਦਰਾਂ ਪਵਾਉਣ ਨੂੰ, ਮੇਰਾ ਜੀ ਕਰਦਾ
ਰਾਂਝੇ ਵਾਂਗੂੰ ਜੋਗੀ ਅਖਵਾਉਣ ਨੂੰ, ਮੇਰਾ ਜੀ ਕਰਦਾ

ਕੁੜੀਆਂ ਚ ਮੈਨੂੰ ਰਾਂਝਾ ਕਹਿ ਕੇ ਅਖਵਾਂਵਦੀ
ਨੀਵੀਂ ਪਾ ਕੇ ਲੰਘੇ ਬੁੱਲੀਆਂ ਚ ਮੁਸਕਾਂਵਦੀ
ਉਹਦਾ ਹੀਰ ਸਲੇਟੀ ਅਖਵਾਉਣ ਨੂੰ, ਮੇਰਾ ਜੀ ਕਰਦਾ
ਰਾਂਝੇ ਵਾਂਗੂੰ ਜੋਗੀ ਅਖਵਾਉਣ ਨੂੰ, ਮੇਰਾ ਜੀ ਕਰਦਾ

ਝਾਂਜਰਾਂ ਦੇ ਸ਼ੋਰ ਉਹਦੇ ਨੀਂਦ ਚੋਂ ਜਗਾਂਵਦੇ
ਨਾਥਾਂ ਦੇ ਟਿੱਲੇ ਤੋਂ ਕਈ ਸੁਨੇਹੇ ਪਏ ਆਂਵਦੇ
ਉਹਦੇ ਅੱਗੇ ਅੱਜ ਅਲਖ ਜਗਾਉਣ ਨੂੰ, ਮੇਰਾ ਜੀ ਕਰਦਾ
ਰਾਂਝੇ ਵਾਂਗੂੰ ਜੋਗੀ ਅਖਵਾਉਣ ਨੂੰ, ਮੇਰਾ ਜੀ ਕਰਦਾ

ਐਮੇ ਵਾਲ਼ੇ ਅਸ਼ਨੀ ਨੂੰ ਹੱਸ ਕੇ ਵਿਖਾਂਵਦੀ
ਘਿਓ ਦੀਆਂ ਚੂਰੀਆਂ ਨੂੰ ਕੁੱਟ ਕੇ ਖਵਾਂਵਦੀ
ਉਹਦੇ ਨਾਲ ਘੁੰਮ ਚਾਰ ਲਾਵਾਂ ਲੈਣ ਨੂੰ, ਮੇਰਾ ਜੀ ਕਰਦਾ
ਰਾਂਝੇ ਵਾਂਗੂੰ ਜੋਗੀ ਅਖਵਾਉਣ ਨੂੰ, ਮੇਰਾ ਜੀ ਕਰਦਾ

***

## ਪਿਆਸਾ ਬਣ ਆ ਜਾਈਂ ਚੰਨ ਵੇ

ਚਰਖੇ ਨੂੰ ਕੱਤ ਕੇ ਮੈਂ ਪੀਂਘ ਝੂਟੀ ਜਾਵਾਂ
ਹੁਲਾਰੇ ਖਾਂਦਿਆਂ ਮੈਂ ਤੈਨੂੰ ਚੇਤੇ ਕਰੀਂ ਜਾਵਾਂ
ਜਦੋਂ ਖੂਹ ਤੇ ਪਾਣੀ ਭਰਨ ਨੂੰ ਜਾਵਾਂ
ਪਿਆਸਾ ਬਣ ਆ ਜਾਈਂ ਚੰਨ ਵੇ, ਤੈਨੂੰ ਠੰਡੇ ਖੂਹ ਦਾ ਪਾਣੀ ਮੈਂ ਪਿਲਾਵਾਂ,
ਪਿਆਸਾ ਬਣ ਆ ਜਾਈਂ ਚੰਨ ਵੇ

ਸਬਜ਼ੀ ਵੀ ਤੋੜਦੀ ਆਂ ਫੁੱਲਾਂ ਨੂੰ ਵੀ ਤੋੜਦੀ ਆਂ
ਸਾਗ ਦੀਆਂ ਗੰਦਲਾਂ ਨੂੰ ਵੱਟਾਂ ਤੋਂ ਮਰੋੜਦੀ ਆਂ
ਜਦੋਂ ਨਿੰਬੂ ਦਿਆਂ ਬਾਗਾਂ ਵਿੱਚ ਜਾਵਾਂ
ਪਿਆਸਾ ਬਣ ਆ ਜਾਈਂ ਚੰਨ ਵੇ, ਤੈਨੂੰ ਨਿੰਬੂ ਪਾਣੀ ਘੋਲ਼ ਮੈਂ ਪਿਲਾਵਾਂ,
ਪਿਆਸਾ ਬਣ ਆ ਜਾਈਂ ਚੰਨ ਵੇ

ਮੱਝਾਂ ਨੂੰ ਵੀ ਚੋਈ ਜਾਵਾਂ ਗਾਵਾਂ ਨੂੰ ਵੀ ਚੋਈ ਜਾਵਾਂ
ਚਾਟੀ ਚ ਮਧਾਣੀ ਪਾ ਕੇ ਮੱਖਣ ਨੂੰ ਢੋਈ ਜਾਵਾਂ
ਜਦੋਂ ਕਾੜ੍ਹਨੀ ਚ ਦੁੱਧ ਨੂੰ ਮੈਂ ਪਾਵਾਂ
ਪਿਆਸਾ ਬਣ ਆ ਜਾਈਂ ਚੰਨ ਵੇ, ਤੇਨੂੰ ਮਲ਼ਾਈ ਵਾਲ਼ਾ ਦੁੱਧ ਮੈਂ ਪਿਲਾਵਾਂ,
ਪਿਆਸਾ ਬਣ ਆ ਜਾਈਂ ਚੰਨ ਵੇ

ਰੇਸ਼ਮੀ ਪੌਸ਼ਾਕਾਂ ਉੱਤੇ ਫੁੱਲ ਬੂਟੇ ਕੱਢੀ ਜਾਵਾਂ
ਐਮੇ ਵਾਲ਼ੇ ਅਸ਼ਨੀ ਦਾ ਨਾਂ ਲਿਖ ਸੰਗੀ ਜਾਵਾਂ
ਫਿਰ ਵਾਰ ਵਾਰ ਉਹਨੂੰ ਚੁੰਮੀ ਜਾਵਾਂ
ਪਿਆਸਾ ਬਣ ਆ ਜਾਈਂ ਚੰਨ ਵੇ, ਤੈਨੂੰ ਠੰਡੇ ਖੂਹ ਦਾ ਪਾਣੀ ਮੈਂ ਪਿਲਾਵਾਂ,
ਪਿਆਸਾ ਬਣ ਆ ਜਾਈਂ ਚੰਨ ਵੇ

***

# ਕੇਹਾ ਰੋਗ ਇਸ਼ਕ ਦਾ

ਕੇਹਾ ਰੋਗ ਇਸ਼ਕ ਦਾ ਲਾ ਬੈਠੀ, ਵਾਂਗ ਰੇਤ ਦੇ ਕਿਰਦੀ ਜਾਵਾਂ
ਇਹਨਾਂ ਰਾਹਾਂ ਤੇ ਚੱਲਣਾ ਔਖਾ ਏ, ਵੇ ਮੈਂ ਤਿਲਕ ਤਿਲਕ ਪਈ ਜਾਵਾਂ
ਕੇਹਾ ਰੋਗ ਇਸ਼ਕ ਦਾ ਲਾ ਬੈਠੀ, ਵਾਂਗ ਰੇਤ ਦੇ ਕਿਰਦੀ ਜਾਵਾਂ

ਅੰਮੜੀ ਦੀ ਚੁੰਨਰੀ ਨੂੰ ਭੁੱਲ ਕੇ, ਮੈਂ ਇਸ਼ਕ ਦੀਆਂ ਬਾਤਾਂ ਪਾਈਆਂ
ਇਹਨਾਂ ਰਾਹਾਂ ਤੇ ਚੱਲਦੀਆਂ ਮੁੜ ਕੇ, ਸੋਹਣੀਆਂ, ਸੱਸੀਆਂ ਨਾ ਆਈਆਂ
ਵਾਪਿਸ ਤਾਂ ਆਉਣਾ ਕੀ ਮੁੜ ਕੇ, ਵਿੱਚ ਦਲਦਲ ਧੱਸਦੀ ਜਾਵਾਂ
ਕੇਹਾ ਰੋਗ ਇਸ਼ਕ ਦਾ ਲਾ ਬੈਠੀ, ਵਾਂਗ ਰੇਤ ਦੇ ਕਿਰਦੀ ਜਾਵਾਂ

ਬਾਬਲ ਦੀ ਚਿੱਟੀ ਪਗੜੀ ਨੂੰ, ਕਿਵੇਂ ਦਾਗ ਮੈਂ ਲਾਇਆ
ਸੱਸੀ ਵਾਂਗੂੰ ਥਲਾਂ ਚ ਸੜ ਕੇ, ਸੁਧ-ਬੁਧ ਸੀ ਗਵਾਇਆ
ਮੇਰਾ ਦੋਸ਼ ਕੋਈ ਨਾ ਲੋਕੋ, ਵੇ ਮੈਂ ਪਲ ਪਲ ਮਰਦੀ ਜਾਵਾਂ
ਕੇਹਾ ਰੋਗ ਇਸ਼ਕ ਦਾ ਲਾ ਬੈਠੀ, ਵਾਂਗ ਰੇਤ ਦੇ ਕਿਰਦੀ ਜਾਵਾਂ

ਐਮੇ ਵਾਲ਼ੇ ਅਸ਼ਨੀ ਨੇ ਤਾਂ, ਦਿਲ ਦਾ ਦੁੱਖੜਾ ਰੋਇਆ
ਇੱਕ ਇੱਕ ਕੰਡਾ ਚੁਗ ਕੇ ਰਾਹੋਂ, ਮੋਤੀਆਂ ਵਾਂਗ ਪਰੋਇਆ
ਮੈਂ ਭੁੱਲ ਗਈ ਤੁਸੀਂ ਭੁੱਲ ਨਾ ਜਾਇਓ, ਹਰ ਧੀ ਤੋਂ ਮੈਂ ਇਹ ਚਾਹਾਂ
ਕੇਹਾ ਰੋਗ ਇਸ਼ਕ ਦਾ ਲਾ ਬੈਠੀ, ਵਾਂਗ ਰੇਤ ਦੇ ਕਿਰਦੀ ਜਾਵਾਂ

***

## ਮੈਂ ਇੱਕ ਕੁੜੀ ਨੂੰ

ਮੈਂ ਇੱਕ ਕੁੜੀ ਨੂੰ ਚਿੱਠੀ ਲਿਖੀ, ਚਿੱਠੀ ਵਿੱਚ ਲਿਖਿਆ
ਤੂੰ ਸੋਹਣੀ ਲਗਦੀ ਏਂ, ਮਨਮੋਹਣੀ ਲਗਦੀ ਏਂ, ਤੂੰ ਮੇਰਾ ਦਿਲ ਲੁੱਟਿਆ
ਮੈਂ ਇੱਕ ਕੁੜੀ ਨੂੰ ਚਿੱਠੀ ਲਿਖੀ, ਚਿੱਠੀ ਵਿੱਚ ਲਿਖਿਆ

ਤੇਰੇ ਨੈਣਾਂ ਵਿੱਚੋਂ ਦੇਖੀ ਜਦੋਂ ਡੁੱਲ੍ਹਦੀ ਸ਼ਰਾਬ
ਇੱਕ ਪੈੱਗ ਪੀ ਕੇ ਬਣ ਗਿਆ ਫੁੱਲ ਮੈਂ ਗੁਲਾਬ
ਤੇਰੇ ਲੱਕ ਦੇ ਹੁਲਾਰਿਆਂ ਨੇ ਮੈਨੂੰ ਪੱਟਿਆ
ਮੈਂ ਇੱਕ ਕੁੜੀ ਨੂੰ ਚਿੱਠੀ ਲਿਖੀ, ਚਿੱਠੀ ਵਿੱਚ ਲਿਖਿਆ
ਤੂੰ ਸੋਹਣੀ ਲਗਦੀ ਏਂ, ਮਨਮੋਹਣੀ ਲਗਦੀ ਏਂ, ਤੂੰ ਮੇਰਾ ਦਿਲ ਲੁੱਟਿਆ

ਬੋਲਦੀ ਦੇ ਤੇਰੇ ਮੂੰਹੋਂ ਫੁੱਲ ਕਿਰਦੇ ਨੇ
ਠੰਡੇ ਝਰਨੇ ਵੀ ਤੇਰੇ ਪੈਰ ਚੁੰਮਦੇ ਨੇ
ਤੇਰੀ ਬੁੱਲੀਆਂ ਚੋਂ ਹਾਸਾ ਸੀਗਾ ਜਦੋਂ ਫੁੱਟਿਆ
ਮੈਂ ਇੱਕ ਕੁੜੀ ਨੂੰ ਚਿੱਠੀ ਲਿਖੀ, ਚਿੱਠੀ ਵਿੱਚ ਲਿਖਿਆ
ਤੂੰ ਸੋਹਣੀ ਲਗਦੀ ਏਂ, ਮਨਮੋਹਣੀ ਲਗਦੀ ਏਂ, ਤੂੰ ਮੇਰਾ ਦਿਲ ਲੁੱਟਿਆ

ਐਮੇ ਵਾਲ਼ਾ ਅਸ਼ਨੀ ਤਾਂ ਤੇਰੇ ਉੱਤੇ ਮਰਦਾ
ਤੇਰੇ ਤੋਂ ਬਗੈਰ ਹੁਣ ਪਲ ਵੀ ਨਾ ਸਰਦਾ
ਬੈਠਾ ਮੁਰਝਾਇਆ ਜਿਵੇਂ ਫੁੱਲ ਡਾਹਲ਼ੀ ਨਾਲੋਂ ਟੁੱਟਿਆ
ਮੈਂ ਇੱਕ ਕੁੜੀ ਨੂੰ ਚਿੱਠੀ ਲਿਖੀ, ਚਿੱਠੀ ਵਿੱਚ ਲਿਖਿਆ
ਤੂੰ ਸੋਹਣੀ ਲਗਦੀ ਏਂ, ਮਨਮੋਹਣੀ ਲਗਦੀ ਏਂ, ਤੂੰ ਮੇਰਾ ਦਿਲ ਲੁੱਟਿਆ

***

## ਤੇਰੇ ਲੱਕ ਦੇ ਹੁਲਾਰਿਆਂ ਤੇ

ਅੱਲੜ੍ਹ ਕੁੜੇ ਨੀ ਤੇਰੀ ਅੱਲੜ੍ਹ ਜਵਾਨੀ
ਸੰਗ ਸੰਗ ਤੁਰਦੀ ਏਂ ਤੋਰ ਮਸਤਾਨੀ
ਤੇਰੇ ਬੋਲਾਂ ਵਿੱਚ ਸਾਰਾ ਹੀ ਪੰਜਾਬ ਬੋਲਦਾ
ਤੇਰੇ ਲੱਕ ਦੇ ਹੁਲਾਰਿਆਂ ਤੇ ਸੋਹਣੀਏ,
ਮੁੰਡਿਆਂ ਦਾ ਦਿਲ ਪਾਰੇ ਵਾਂਗੂੰ ਡੋਲਦਾ

ਵਾਲ਼ਾਂ ਵਿੱਚ ਰੱਖਦੀ ਏਂ ਤਿੱਤਲੀ ਲਗਾ ਕੇ
ਗੁੱਤ ਸੱਪਣੀ ਨੂੰ ਸਾਰੀ ਗੱਲ ਸਮਝਾ ਕੇ
ਤੇਰੇ ਸਿਰ ਦਾ ਦੁਪੱਟਾ ਸਾਰੇ ਰਾਜ ਖੋਲ੍ਹਦਾ
ਤੇਰੇ ਲੱਕ ਦੇ ਹੁਲਾਰਿਆਂ ਤੇ ਸੋਹਣੀਏ,
ਮੁੰਡਿਆਂ ਦਾ ਦਿਲ ਪਾਰੇ ਵਾਂਗੂੰ ਡੋਲਦਾ

ਹਾਸਾ ਤੇਰਾ ਕਰਦਾ ਏ ਬਹੁਤ ਹੀ ਅਦਾਵਾਂ
ਦਿਲ ਕਰੇ ਤੇਰੇ ਉੱਤੋਂ ਜਿੰਦ ਵੀ ਮੈਂ ਵਾਰਾਂ
ਤੇਰਾ ਤੁਰਦੀ ਦਾ ਗੱਭਰੂ ਏ ਭਾਰ ਤੋਲਦਾ
ਤੇਰੇ ਲੱਕ ਦੇ ਹੁਲਾਰਿਆਂ ਤੇ ਸੋਹਣੀਏ,
ਮੁੰਡਿਆਂ ਦਾ ਦਿਲ ਪਾਰੇ ਵਾਂਗੂੰ ਡੋਲਦਾ

ਦੰਦਾਂ ਵਿੱਚ ਰੱਖਦੀ ਏਂ ਚੁੰਨੀ ਨੂੰ ਚਬਾ ਕੇ
ਮੇਰੇ ਵੱਲ ਵੇਖਦੀ ਏਂ ਥੋੜਾ ਮੁਸਕਾ ਕੇ
ਰਹਿੰਦਾ ਐਮੇ ਵਾਲ਼ਾ ਅਸ਼ਨੀ ਤਾਂ ਤੈਨੂੰ ਟੋਹਦਾ
ਤੇਰੇ ਲੱਕ ਦੇ ਹੁਲਾਰਿਆਂ ਤੇ ਸੋਹਣੀਏ,
ਮੁੰਡਿਆਂ ਦਾ ਦਿਲ ਪਾਰੇ ਵਾਂਗੂੰ ਡੋਲਦਾ

***

## ਮੈਂ ਮਿੱਟੀ ਦਾ ਬਾਵਾ

ਮੈਂ ਮਿੱਟੀ ਦਾ ਬਾਵਾ, ਮੈਨੂੰ ਮਿੱਟੀ ਚੰਗੀ ਲੱਗਦੀ ਏ
ਚਾਟੀ, ਘੜਾ ਜਾਂ ਕਾੜ੍ਹਨੀ, ਮਾਂ ਸਾਂਭ ਸਾਂਭ ਕੇ ਰੱਖਦੀ ਏ
ਮੈਂ ਮਿੱਟੀ ਦਾ ਬਾਵਾ, ਮੈਨੂੰ ਮਿੱਟੀ ਚੰਗੀ ਲੱਗਦੀ ਏ

ਧਰਤੀ ਦੀ ਕੁੱਖ ਚੋਂ ਕੱਢ ਕੇ, ਮੈਨੂੰ ਪਾਣੀ ਨਾਲ ਸਿੰਜਿਆ ਏ
ਪਹੀਏ ਉੱਤੇ ਘੁੰਮ ਘੁੰਮ ਕੇ, ਸਮੇਂ ਦਾ ਚੱਕਰ ਚੱਲਿਆ ਏ
ਹੱਥੀਂ ਮੈਨੂੰ ਆਕਾਰ ਦੇ ਕੇ, ਕਦੇ ਧੁੱਪੇ ਕਦੀ ਛਾਵੇਂ ਰੱਖਿਆ ਏ
ਪੱਕਿਆਂ ਬਣਨ ਲਈ ਫਿਰ ਮੈਂ ਚੜ੍ਹਿਆ, ਸੂਲੀ ਅੱਗ ਦੀ ਏ
ਮੈਂ ਮਿੱਟੀ ਦਾ ਬਾਵਾ, ਮੈਨੂੰ ਮਿੱਟੀ ਚੰਗੀ ਲੱਗਦੀ ਏ

ਕਦੇ ਮੇਰਾ ਰੰਗ ਕਾਲ਼ਾ ਹੋ ਜਾਏ, ਕਦੇ ਹੋ ਜਾਏ ਸੂਹਾ
ਮਾਂ ਮੇਰੀ ਨੇ ਲੋਰੀਆਂ ਦਿੱਤੀਆਂ, ਬਾਬਲ ਢੋਏ ਨਾ ਪਲਕਾਂ ਦਾ ਬੂਹਾ
ਕੁੱਜੇ ਵਿੱਚ ਮੱਖਣ ਪਿਆ ਸੋਹਵੇ, ਦਧੂਨਾ ਵੇਖੇ ਹੋ ਹੋ ਦੂਹਰਾ
ਜੋਬਨ ਰੁੱਤੇ ਸਾਉਣ ਮਹੀਨੇ, ਕੁੱਜੀ ਪੀਂਘ ਝੂਟਣ ਲੱਗਦੀ ਏ
ਮੈਂ ਮਿੱਟੀ ਦਾ ਬਾਵਾ, ਮੈਨੂੰ ਮਿੱਟੀ ਚੰਗੀ ਲੱਗਦੀ ਏ

ਘੜੇ ਦੇ ਸੰਗ ਘਰੋਟੀ ਆਈ, ਗਾਗਰਾਂ ਨੇ ਗੀਤ ਗਾਇਆ
ਕੁੱਜੇ ਕੁੱਜੀਆਂ ਵੀ ਰਲ਼ ਮਿਲ਼ ਬੈਠ ਕੇ, ਸ਼ਗਨਾਂ ਨਾਲ ਮਿਲਾਇਆ
ਮਿੱਟੀ ਵਿੱਚੋਂ ਮਿੱਟੀ ਉਪਜੀ, ਫਿਰ ਰੰਗ ਵੀ ਮਿੱਟੀ ਚੜ੍ਹ ਆਇਆ
ਪਿੰਡ ਐਮੇ ਵਿੱਚ ਅਸ਼ਨੀ ਨੂੰ, ਬੱਸ ਮਿੱਟੀ ਹੀ ਖਿੱਚ ਸਕਦੀ ਏ
ਮੈਂ ਮਿੱਟੀ ਦਾ ਬਾਵਾ, ਮੈਨੂੰ ਮਿੱਟੀ ਚੰਗੀ ਲੱਗਦੀ ਏ

***

## ਜਿਹੜੇ ਖਤ ਤੂੰ ਪਾਉਂਦੀ

ਜਿਹੜੇ ਖਤ ਤੂੰ ਪਾਉਂਦੀ ਸੀ, ਫਰਜ਼ੀ ਸਰਨਾਵਾਂ ਤੋਂ
ਸਾਨੂੰ ਦੱਸ ਗਏ ਉਹ ਪੰਛੀ, ਜਿਹੜੇ ਵਿੱਛੜੇ ਡਾਰਾਂ ਤੋਂ
ਜਿਹੜੇ ਖਤ ਤੂੰ ਪਾਉਂਦੀ ਸੀ, ਫਰਜ਼ੀ ਸਰਨਾਵਾਂ ਤੋਂ

ਤੇਰੇ ਖਤ ਚੁੰਮ ਚੁੰਮ ਕੇ ਮੈਂ, ਸੀਨੇ ਨਾਲ ਲਾਉਂਦਾ ਸੀ
ਤੂੰ ਮੇਰੀ ਹੋਵੇਂਗੀ, ਦਿਲ ਬਾਤਾਂ ਪਾਉਂਦਾ ਸੀ
ਖੰਭ ਲਾ ਕੇ ਉੱਡ ਗਈਂ ਏਂ, ਲਗਦਾ ਏ ਵਿਚਾਰਾਂ ਤੋਂ
ਜਿਹੜੇ ਖਤ ਤੂੰ ਪਾਉਂਦੀ ਸੀ, ਫਰਜ਼ੀ ਸਿਰਨਾਵਾਂ ਤੋਂ

ਤੇਰੇ ਸ਼ਹਿਰ ਨੂੰ ਦੱਸ ਅੜੀਏ, ਮੈਂ ਕੀ ਸਤਿਕਾਰ ਦੇਵਾਂ
ਖਤ ਨਹਿਰ ਚ ਡੋਬ ਦੇਵਾਂ, ਜਾਂ ਚੁੱਲੇ ਸਾੜ ਦੇਵਾਂ
ਝੱਲਾ ਦਿਲ ਨਹੀਓਂ ਮੁੜਦਾ, ਤੇਰੇ ਲਿਖੇ ਖਿਆਲਾਂ ਤੋਂ
ਜਿਹੜੇ ਖਤ ਤੂੰ ਪਾਉਂਦੀ ਸੀ, ਫਰਜ਼ੀ ਸਿਰਨਾਵਾਂ ਤੋਂ

ਪਿੰਡ ਐਮੇ ਵਿੱਚ ਅਸ਼ਨੀ, ਤੇਰੇ ਸੋਹਿਲੇ ਗਾਉਂਦਾ ਏ
ਉਹ ਭਗਵਿਆਂ ਕੱਪੜਿਆਂ ਨੂੰ, ਤੇਰਾ ਨਾਂ ਲਿਖ ਪਾਉਂਦਾ ਏ
ਕੱਲਾ ਬਹਿ ਸੋਚਦਾ ਏ, ਕਿਤੇ ਤੂੰ ਮੁੜ ਆਵੇਂ ਤੋਂ
ਜਿਹੜੇ ਖਤ ਤੂੰ ਪਾਉਂਦੀ ਸੀ, ਫਰਜ਼ੀ ਸਿਰਨਾਵਾਂ ਤੋਂ
ਸਾਨੂੰ ਦੱਸ ਗਏ ਉਹ ਪੰਛੀ, ਜਿਹੜੇ ਵਿੱਛੜੇ ਡਾਰਾਂ ਤੋਂ

***

## ਨਖਰੇ ਨੇ ਜੱਗ ਤੋਂ

ਗੋਰੇ ਗੋਰੇ ਮੁੱਖ ਉੱਤੇ ਅੱਖਾਂ ਨੇ ਨਸ਼ੀਲੀਆਂ
ਠੋਡੀ ਵਾਲ਼ਾ ਤਿਲ ਤੇਰਾ ਕਰਦਾ ਵਕੀਲੀਆਂ
ਤੂੰ ਕੁੜੀ ਏਂ ਸ਼ਹਿਰ ਪਟਿਆਲ਼ੇ ਦੀ
ਕੱਦ ਉਂਜ ਭਾਵੇਂ ਮਸਾਂ ਪੰਜ ਫੁੱਟ ਤੇਰਾ,
ਪਰ ਨਖਰੇ ਨੇ ਜੱਗ ਤੋਂ ਬਾਹਲ਼ੇ ਨੀ

ਫੇਸਬੁੱਕ ਵਾਲ਼ੇ ਤੇਰੇ ਸੋਹਣੀਏ ਨੀ ਪੇਜ ਉੱਤੇ,
ਕਰਦਾ ਰਿਹਾ ਮੈਂ ਤੈਨੂੰ ਲਾਈਕ ਨੀ
ਕਾਲਜ ਚ ਮੈਂ ਤਾਂ ਤੈਨੂੰ ਦੇਖਦਾ ਸੀ ਰਹਿੰਦਾ,
ਤੂੰ ਭਜਾਉਂਦੀ ਸੀ ਬੜਾ ਹੀ ਪੈੱਪ ਬਾਈਕ ਨੀ
ਤੇਰੇ ਕੰਨਾਂ ਦੇ ਸੋਹਣੀਏ ਵਾਲ਼ੇ ਨੀ
ਕੱਦ ਉਂਜ ਭਾਵੇਂ ਮਸਾਂ ਪੰਜ ਫੁੱਟ ਤੇਰਾ,
ਪਰ ਨਖਰੇ ਨੇ ਜੱਗ ਤੋਂ ਬਾਹਲ਼ੇ ਨੀ

ਮੈਨੂੰ ਪਤਾ ਰੱਖਿਆ ਤੂੰ ਥ੍ਰੀ..ਜੀ ਮੋਬਾਈਲ,
ਗੱਲਾਂ ਕਰਦੀ ਏਂ ਉਹਦੇ ਉੱਤੇ ਬਾਹਲੀਆਂ
ਮੈਂ ਵੀ ਜੱਟ ਮਾਲਵੇ ਦਾ ਆਸ਼ਕ ਹਾਂ ਤੇਰਾ,
ਖੇਡਾਂ ਖੇਡੀਆਂ ਨੀ ਮੈਂ ਵੀ ਕੋਈ ਸੁਖਾਲ਼ੀਆਂ
ਜਿੰਨਾ ਮਰਜ਼ੀ ਤੂੰ ਅੱਖਾਂ ਮਟਕਾ ਲੈ ਨੀ
ਕੱਦ ਉਂਜ ਭਾਵੇਂ ਮਸਾਂ ਪੰਜ ਫੁੱਟ ਤੇਰਾ,
ਪਰ ਨਖਰੇ ਨੇ ਜੱਗ ਤੋਂ ਬਾਹਲ਼ੇ ਨੀ

ਜਦੋਂ ਦੀ ਆਈਂ ਏਂ ਸਾਡੇ ਸ਼ਹਿਰ ਵਿੱਚ ਬੱਲੀਏ ਨੀ,
ਦਿਲ ਮਾਰਦਾ ਏ ਖ਼ੂਬ ਹੀ ਉਡਾਰੀਆਂ
ਐਮੇ ਵਾਲ਼ੇ ਅਸ਼ਨੀ ਨੂੰ ਭੁੱਲ ਨਾ ਤੂੰ ਜਾਵੀਂ,
ਜੀਹਨੇ ਆਸਾਂ ਦੀਆਂ ਮਹਿਲਾਂ ਨੀ ਉਸਾਰੀਆਂ
ਖੁੱਲ੍ਹੇ ਵਾਲ਼ ਤੂੰ ਬਣਾ ਲਏ ਘਟਾ ਕਾਲ਼ੇ ਨੀ
ਕੱਦ ਉਂਜ ਭਾਵੇਂ ਮਸਾਂ ਪੰਜ ਫੁੱਟ ਤੇਰਾ,
ਪਰ ਨਖਰੇ ਨੇ ਜੱਗ ਤੋਂ ਬਾਹਲ਼ੇ ਨੀ

***

## ਜਾਹ ਨੀ ਬੇਰੋਜ਼ਗਾਰੀਏ

ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ
ਮੇਰੇ ਦੇਸ਼ ਦੇ ਨੌਜੁਆਨਾਂ ਨੂੰ, ਤੂੰ ਹੋਰ ਨਾ ਤੜਫ਼ਾ
ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ

ਛੋਟੀ ਉਮਰੇ ਚੁੱਕ ਕੇ ਬਸਤਾ, ਨਿੱਤ ਸਕੂਲੇ ਜਾਂਦੇ ਆ
ਖੇਡਣ ਦੀ ਰੁੱਤੇ ਕਰ ਪੜ੍ਹਾਈਆਂ, ਅਫਸਰ ਬਨਣਾ ਚਾਹੁੰਦੇ ਆ
ਵੱਡੇ ਕੋਰਸ ਡਿਗਰੀਆਂ ਕਰ ਕੇ, ਤੂੰ ਲਾਈਨਾਂ ਵਿੱਚ ਲੱਗ ਜਾ
ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ

ਮਾਂ ਪਿਓ ਚੁੱਕ ਕੇ ਕਰਜ਼ਾ, ਬੱਚਿਆਂ ਨੂੰ ਕੋਰਸ ਕਰਾਉਂਦੇ ਆ
ਇੱਕ ਅੱਧ ਕਿੱਲਾ ਵੇਚ ਪੈਲ਼ੀ ਦਾ, ਆਪਣੇ ਫ਼ਰਜ਼ ਨਿਭਾਉਂਦੇ ਆ
ਪੁੱਤ ਸਾਡਾ ਕਦੋਂ ਨੌਕਰੀ ਲੱਗੂ, ਇਸ ਆਸ ਤੇ ਜਿਉਂਦੇ ਮਰਦੇ ਆ
ਪੈਸੇ ਦੇ ਕੇ ਨੌਕਰੀ ਲੈ ਜਾਓ, ਨਹੀਂ ਤਾਂ ਢੱਠੇ ਖੂਹ ਵਿੱਚ ਜਾ
ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ

ਮਾਰ ਦੇਣਾ ਅਸਾਂ ਰਿਸ਼ਵਤਖੋਰੀ, ਜੇ ਅਸਾਡੀ ਗੱਲ ਨਾ ਗੌਲ਼ੀ
ਪੜ੍ਹੇ ਲਿਖੇ ਕੰਮ-ਕਾਰ ਕਰਨਗੇ, ਵਿਹਲੜ ਦਾ ਏਥੇ ਕੰਮ ਨਾ ਕੋਈ
ਵੈਰ ਵਿਰੋਧੀ ਨਸ਼ਿਆਂ ਨੂੰ ਤੂੰ, ਮਾਰ ਪਰ੍ਹੇ ਵਗਾਹ
ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ

ਐਮੇ ਵਾਲ਼ੇ ਅਸ਼ਨੀ ਨੇ, ਸਿਰ ਤੇ ਬੀੜਾ ਚੁੱਕਿਆ ਏ
ਨਹੀਂ ਜਾਣਾ ਅਸਾਂ ਮੁਲਕ ਪਰਾਏ, ਪਾਸਪੋਰਟ ਵੀ ਪਾੜ ਕੇ ਸੁੱਟਿਆ ਏ
ਬਨਣਾ ਸੀ ਜਿਸਨੇ ਮਾਪਿਆਂ ਦਾ ਸਹਾਰਾ, ਦਿਸਦਾ ਨੀ ਉਹਨੂੰ ਆਪ ਕਿਨਾਰਾ
ਸਵੈ-ਰੋਜ਼ਗਾਰ ਦਾ ਲਾ ਕੇ ਨਾਅਰਾ, ਆਪਣੇ ਪੈਰਾਂ ਤੇ ਖੜ ਜਾ
ਜਾਹ ਨੀ ਬੇਰੋਜ਼ਗਾਰੀਏ, ਉੱਡ ਦੂਰ ਵਤਨ ਤੋਂ ਜਾਹ

***

## ਤਾੜੀ ਇੱਕ ਹੱਥ ਨਾਲ

ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ
ਤਾੜੀ ਇੱਕ ਹੱਥ ਨਾਲ ਕਦੇ ਨਹੀਂ ਵੱਜਦੀ ਏ

ਸੌ ਬਾਰਾਤੀ ਵੀ ਜੇ ਸੱਜ ਧੱਜ ਕੇ ਆ ਜਾਵਣ
ਸੇਹਰਿਆਂ ਵਾਲ਼ੇ ਨਾਲ ਬਾਰਾਤ ਹੀ ਫੱਬਦੀ ਏ
ਲੱਖ ਸ਼ੋਰ ਸ਼ਰਾਬਾ ਕਰ ਲਓ ਬੈਂਡ ਵਾਜਿਆਂ ਦਾ
ਡੋਲੀ ਤਾਂ ਸ਼ਹਿਨਾਈ ਨਾਲ ਹੀ ਸੱਜਦੀ ਏ
ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ..........

ਹਿੰਦੁਸਤਾਨ ਮੁਲਕ ਕਦੇ ਵੀ ਨਾ ਵੰਡ ਹੁੰਦਾ
ਸਿਆਸਤਦਾਨਾਂ ਦਾ ਲਾਲਚ ਜੇ ਕਿਤੇ ਭੰਡ ਹੁੰਦਾ
ਚੜਦੇ ਅਤੇ ਲਹਿੰਦੇ ਪੰਜਾਬ ਦੀ ਬੋਲੀ ਇੱਕੋ ਈ ਏ
ਬੱਸ ਖਿੱਚੀ ਹੋਈ ਲਕੀਰ ਹੀ ਇਸਨੂੰ ਵੰਡਦੀ ਏ
ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ..........

ਛੋਟੇ ਮੋਟੇ ਝਗੜੇ ਤਾਂ ਅਕਸਰ ਹੁੰਦੇ ਈ ਨੇ
ਟੁੱਟੇ ਦਿਲ ਫਿਰ ਮੁਸ਼ਕਿਲ ਨਾਲ ਹੀ ਜੁੜਦੇ ਨੇ
ਬੇਦਖਲੀ ਤਾਲਾਕ ਦੀ ਨੌਬਤ ਆਵੇ ਤਾਂ
ਡੂੰਘੀ ਸੱਟ ਰਿਸ਼ਤਿਆਂ ਉੱਪਰ ਵੱਜਦੀ ਏ
ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ..........

ਕਿਰਤ ਕਰਦਿਆਂ ਨਾਮ ਜਪੀਂ ਫਿਰ ਵੰਡ ਛਕੀਂ
ਇਹ ਸੰਦੇਸ਼ ਓਸ ਵਾਹਿਗੁਰੂ ਨੇ ਘੱਲੇ ਨੇ
ਮਾੜੇ ਤੇ ਤੂੰ ਜ਼ੋਰ ਜਬਰ ਕਰ ਨਾ ਸੱਜਣਾ
ਸੱਚੇ ਸਿੱਖ ਨੂੰ ਇਹ ਗੱਲ ਮੂਲ ਨਾ ਸੱਜਦੀ ਏ
ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ.....

ਜਾਤਾਂ ਪਾਤਾਂ ਸਭ ਬੰਦੇ ਦੀ ਉਪਜ ਹੀ ਹੈ
ਹਰ ਦਿਲ ਅੰਦਰ ਉਸ ਭਗਵਾਨ ਦਾ ਮੰਦਿਰ ਹੈ
ਫ਼ਰਕ ਕਰੇਂਗਾ ਜੇ ਤੂੰ ਚੰਗੇ ਮਾੜੇ ਦਾ
ਦਿਲ ਵਿੱਚ ਦੂਰੀ ਵਧਦੀ ਵਧਦੀ ਵਧਦੀ ਏ
ਜਿੰਨਾ ਮਰਜ਼ੀ ਜ਼ੋਰ ਲਗਾ ਲੈ ਤੂੰ ਸੱਜਣਾ
ਤਾੜੀ ਇੱਕ ਹੱਥ ਨਾਲ ਕਦੇ ਨਹੀਂ ਵੱਜਦੀ ਏ

***

## ਸੱਚੇ ਸੁੱਚੇ ਬੰਦੇ ਦੀ

ਲੱਖ ਕੋਸ਼ਿਸ਼ਾਂ ਕਰ ਇਨਸਾਨ ਲਵੇ, ਆਖਿਰ ਮੱਥੇ ਦੀ ਲਿਖੀ ਹੋ ਰਹਿੰਦੀ ਏ
ਜਿਹੜੇ ਯਾਰ ਗੱਦਾਰੀ ਕਰਦੇ ਨੇ, ਅੰਤ ਖੁਦ ਹੀ ਗੱਦਾਰੀ ਸਹਿਣੀ ਪੈਂਦੀ ਏ
ਝੂਠ ਦਾ ਬੋਲ ਤਾਂ ਕੁੱਝ ਪਲ ਲਈ, ਜਿੱਤ ਸੱਚ ਦੀ ਹਮੇਸ਼ਾਂ ਰਹਿੰਦੀ ਏ
ਸੱਚੇ ਸੁੱਚੇ ਬੰਦੇ ਦੀ ਤਾਂ ਸੱਜਣਾ, ਚੜ੍ਹਤ ਹਮੇਸ਼ਾਂ ਰਹਿੰਦੀ ਏ

ਡਰੇ ਕੁਦਰਤ ਤੋਂ ਜੋ ਬੰਦਾ, ਕੁਦਰਤ ਝੋਲੀਆਂ ਉਸ ਦੀ ਭਰਦੀ ਏ
ਸਿੱਧੇ ਚੱਲਣ ਜੋ ਭਰੇ ਨਾਲ ਆਕੜਾਂ, ਕਮਰ ਉਹਨਾਂ ਦੀ ਅੱਧ ਚੋਂ ਟੁੱਟਦੀ ਏ
ਠੱਗੀ ਤਾਂ ਚੱਲਦੀ ਕੁੱਝ ਪਲ ਲਈ, ਬਰਕਤ ਹੱਕ ਦੀ ਕਮਾਈ ਚ ਹੀ ਰਹਿੰਦੀ ਏ
ਸੱਚੇ ਸੁੱਚੇ ਬੰਦੇ ਦੀ ਤਾਂ ਸੱਜਣਾ, ਚੜ੍ਹਤ ਹਮੇਸ਼ਾਂ ਰਹਿੰਦੀ ਏ

ਮਿੱਠਾ ਬੋਲਣਾ ਤੇ ਨੀਵਾਂ ਚੱਲਣਾ, ਜਿਸ ਇਨਸਾਨ ਦੀ ਫਿਤਰਤ ਰਹਿੰਦੀ ਏ
ਭਰਿਆ ਰਹੇ ਵੇਹੜਾ ਖੁਸ਼ੀਆਂ ਖੇੜਿਆਂ ਨਾਲ, ਨਿੱਤ ਹੀ ਦੀਵਾਲੀ ਰਹਿੰਦੀ ਏ
ਮੱਥੇ ਤਿਊੜੀਆਂ ਪਾਉਣ ਦਾ ਕੀ ਫਾਇਦਾ,
ਜਿਹਦੇ ਨਾਲ ਹਿੱਕ ਵੀ ਸੜਦੀ ਰਹਿੰਦੀ ਏ
ਸੱਚੇ ਸੁੱਚੇ ਬੰਦੇ ਦੀ ਤਾਂ ਸੱਜਣਾ, ਚੜ੍ਹਤ ਹਮੇਸ਼ਾਂ ਰਹਿੰਦੀ ਏ

ਮੇਰੀ ਮੇਰੀ ਕਰਦੇ ਦੀ, ਅੰਤ ਏਥੇ ਹੀ ਢੇਰੀ ਢਹਿੰਦੀ ਏ
ਰੁੱਖੀ ਮਿੱਸੀ ਖਾ ਕੇ ਵੀ ਸੱਜਣਾ, ਤੇਰੀ ਕੁੱਲੀ ਬਹੁਤ ਹੀ ਫ਼ੱਬਦੀ ਏ
ਕਰ ਸਿਮਰਨ ਜਪ ਲੈ ਨਾਮ ਗੁਰਾਂ ਦਾ, ਜਿਨ੍ਹਾਂ ਆਖਰ ਨੂੰ ਬਾਂਹ ਫੜਨੀ ਏ
ਸੱਚੇ ਸੁੱਚੇ ਬੰਦੇ ਦੀ ਤਾਂ ਸੱਜਣਾ, ਚੜ੍ਹਤ ਹਮੇਸ਼ਾਂ ਰਹਿੰਦੀ ਏ

ਸਮਾਜ ਚ ਔਰਤ ਦਾ ਦਰਜਾ, ਸੱਭ ਤੋਂ ਉੱਤਮ ਮੰਨਿਆ ਏ
ਸਾਰੇ ਹੀ ਨੇ ਰੂਪ ਨਿਰਾਲੇ, ਪੂਜਾ ਲਈ ਤਾਂ ਕੰਨਿਆ ਏ
ਵੱਡਿਆਂ ਦਾ ਸਤਿਕਾਰ ਕਰੋ, ਛੋਟਿਆਂ ਨਾਲ ਪਿਆਰ ਕਰੋ
ਅੰਤ ਹਰਸਾਜ ਗੱਲ ਏਥੇ ਹੀ ਮੁੱਕਦੀ ਏ
ਸੱਚੇ ਸੁੱਚੇ ਬੰਦੇ ਦੀ ਤਾਂ ਸੱਜਣਾ, ਚੜ੍ਹਤ ਹਮੇਸ਼ਾਂ ਰਹਿੰਦੀ ਏ

***

## ਨਾਂ ਤੇਰਾ ਪੰਜਾਬੀ

ਰਹਿੰਦੀ ਦੁਨੀਆਂ ਤੇ ਨਾਂ ਤੇਰਾ, ਪੰਜਾਬੀ ਰਹਿਣਾ ਏ
ਭਰੇ ਖਜਾਨੇ ਦੌਲਤ ਸ਼ੋਹਰਤ, ਬੇਹਿਸਾਬੀ ਰਹਿਣਾ ਏ
ਰਹਿੰਦੀ ਦੁਨੀਆਂ ਤੇ ਨਾਂ ਤੇਰਾ, ਪੰਜਾਬੀ ਰਹਿਣਾ ਏ

ਗੁਰੂਆਂ ਪੀਰਾਂ ਦੀ ਇਹ ਧਰਤੀ, ਲੱਖਾਂ ਲੰਗਰ ਲੱਗਦੇ ਆ
ਭੁੱਖੇ ਪੇਟ ਨਾ ਕੋਈ ਸੌਂ ਜਾਵੇ, ਦਿਨ ਰਾਤ ਮਿਹਨਤ ਕਰਦੇ ਆ
ਸਭ ਧਰਮਾਂ ਨੂੰ ਇੱਕੋ ਸਮਝਣ, ਗਾਉਂਦੇ ਨਿੱਤ ਕਵਾਲੀ ਆ
ਨਾਮ ਖੁਮਾਰੀ ਵਿੱਚ ਤੂੰ ਸਦਾ, ਸ਼ਰਾਬੀ ਰਹਿਣਾ ਏ
ਰਹਿੰਦੀ ਦੁਨੀਆਂ ਤੇ ਨਾਂ ਤੇਰਾ, ਪੰਜਾਬੀ ਰਹਿਣਾ ਏ

ਊਧਮ ਅਤੇ ਭਗਤ ਸਿੰਘ ਵਰਗੇ, ਇਸ ਧਰਤੀ ਦੇ ਜਾਏ ਨੇ
ਗੁਲਾਮ ਦੇਸ਼ ਨੂੰ ਆਜ਼ਾਦ ਕਰਾਉਣ ਲਈ, ਲਹੂ ਦੇ ਨੀਰ ਵਹਾਏ ਨੇ
ਦੁੱਖ-ਸੁੱਖ ਦੋਵੇਂ ਹੱਸ ਕੇ ਇਹਨਾਂ, ਆਪਣੇ ਪਿੰਡੇ ਹੰਢਾਏ ਨੇ
ਦੁਨੀਆ ਦੇ ਨਕਸ਼ੇ ਤੇ ਫੁੱਲ, ਗੁਲਾਬੀ ਰਹਿਣਾ ਏ
ਰਹਿੰਦੀ ਦੁਨੀਆਂ ਤੇ ਨਾਂ ਤੇਰਾ, ਪੰਜਾਬੀ ਰਹਿਣਾ ਏ

ਹੱਡ ਤੋੜ ਕੇ ਮਿਹਨਤ ਕਰਦੇ, ਰੱਬ ਦੂਣ ਸਵਾਇਆ ਕਰਦਾ ਏ
ਗਰੀਬ ਦੀ ਰਹਿੰਦੇ ਝੋਲ਼ੀ ਭਰਦੇ, ਨਾਂਹ ਕਹਿਣਾ ਨਹੀਂ ਆਇਆ ਏ
ਧਰਤੀ ਮਾਂ ਦੀ ਰਾਖੀ ਕਰਦੇ, ਵੈਰੀ ਨੰਗੇ ਪੈਰੀਂ ਭੱਜਦਾ ਏ
ਨਸ਼ਿਆਂ ਅਤੇ ਵੱਕਾਰਾਂ ਦਾ ਅਸ਼ਨੀ ਤੂੰ, ਤਿਆਗੀ ਰਹਿਣਾ ਏ
ਰਹਿੰਦੀ ਦੁਨੀਆਂ ਤੇ ਨਾਂ ਤੇਰਾ, ਪੰਜਾਬੀ ਰਹਿਣਾ ਏ

***

## ਮੇਰੇ ਦੇਸ਼ ਦੀ ਮਿੱਟੀਏ

ਮੇਰੇ ਦੇਸ਼ ਦੀ ਮਿੱਟੀਏ ਨੀ, ਤੇਰੇ ਚੋਂ ਆਉਂਦੀ ਏ ਖੁਸ਼ਬੋਈ
ਤੇਰੀ ਗੋਦੀ ਵਿੱਚ ਖੇਡੇ, ਲੱਖਾਂ ਮਾਵਾਂ ਦੀ ਅਰਜ਼ੋਈ
ਮੇਰੇ ਦੇਸ਼ ਦੀ ਮਿੱਟੀਏ ਨੀ, ਤੇਰੇ ਚੋਂ ਆਉਂਦੀ ਏ ਖੁਸ਼ਬੋਈ

ਦੇਸ਼ ਮੇਰੇ ਦਾ ਮਾਣ ਵਧਾਵੇਂ, ਕੁੱਖ ਆਪਣੀ ਚ ਅਨਾਜ ਉਗਾਵੇਂ
ਭੰਡਾਰ ਕਣਕ ਦੇ ਭਰੀ ਤੂੰ ਜਾਵੇਂ, ਸੋਨਾ ਵੀ ਤੂੰ ਉਗਲੀ ਜਾਵੇਂ
ਹੀਰੇ ਪੰਨੇ ਮੋਤੀਆਂ ਨੂੰ ਤੂੰ, ਰੱਖਦੀ ਏਂ ਕਿੰਝ ਸੰਜੋਈ
ਮੇਰੇ ਦੇਸ਼ ਦੀ ਮਿੱਟੀਏ ਨੀ, ਤੇਰੇ ਚੋਂ ਆਉਂਦੀ ਏ ਖੁਸ਼ਬੋਈ

ਕਿਤੇ ਪਹਾੜ ਤੇ ਕਿਤੇ ਸਮੁੰਦਰ, ਵੱਖਰੇ ਨਜ਼ਾਰੇ ਲੱਗਦੇ ਆ
ਪਿਆਸ ਬੁਝਾਉਣ ਲਈ ਗਰਮ ਤੇ ਠੰਡੇ, ਪਾਣੀ ਦੇ ਝਰਨੇ ਵਗਦੇ ਆ
ਹਿੱਕ ਆਪਣੀ ਵਿੱਚ ਰੱਖਦੀ ਏਂ ਤੂੰ, ਸਾਰੇ ਤੱਤ ਲੁਕੋਈ
ਮੇਰੇ ਦੇਸ਼ ਦੀ ਮਿੱਟੀਏ ਨੀ, ਤੇਰੇ ਚੋਂ ਆਉਂਦੀ ਏ ਖੁਸ਼ਬੋਈ

ਤੇਰੀ ਮਿੱਟੀ ਦੇ ਨੇ ਰੰਗ ਅਨੋਖੇ, ਖਾਣ ਨੂੰ ਮਿਲਦੇ ਮੇਵੇ ਚੋਖੇ
ਨਸਲਭੇਦ ਦਾ ਨਾਮ ਨਾ ਕੋਈ, ਨਾ ਕੋਈ ਭਰਮ ਤੇ ਨਾਹੀਂ ਭੁਲੇਖੇ
ਅਸ਼ਨੀ ਐਮੇ ਵਾਲ਼ੇ ਦੇ ਤਾਂ ਸਾਰੇ ਕਾਰਜ ਹੋਈ
ਮੇਰੇ ਦੇਸ਼ ਦੀ ਮਿੱਟੀਏ ਨੀ, ਤੇਰੇ ਚੋਂ ਆਉਂਦੀ ਏ ਖੁਸ਼ਬੋਈ

***

## ਕੀਤਾ ਜ਼ੁਲਮ ਜ਼ਮਾਨੇ

ਤੂੰ ਤਾਂ ਕੀਤਾ ਸੀ ਪਿਆਰ
ਕਰ ਉਹਦਾ ਇਜ਼ਹਾਰ, ਵੱਟੇ ਬੇੜੀਆਂ ਚ ਪਾ ਲਏ
ਕੀਤਾ ਜ਼ੁਲਮ ਜ਼ਮਾਨੇ, ਅਸੀਂ ਇੱਕ ਦੂਜੇ ਲਈ, ਫਨਾਹ ਹੋ ਗਏ

ਕੋਮਲ ਦਿਲਾਂ ਦੇ ਉੱਤੇ, ਚੱਲ ਗਈਆਂ ਆਰੀਆਂ
ਇਹਦੇ ਨਾਲੋਂ ਚੰਗਾ ਹੁੰਦਾ, ਲਾਉਂਦੇ ਈ ਨਾ ਯਾਰੀਆਂ
ਹੱਸਦੀ ਨੇ ਮੈਨੂੰ ਕੀਤੇ, ਕਈ ਤੂੰ ਸਵਾਲ
ਕੈਦੋਂ ਸੁਣ ਗਿਆ ਹਾਲ, ਰੱਸੇ ਗਲਾਂ ਵਿੱਚ ਪਾ ਲਏ
ਕੀਤਾ ਜ਼ੁਲਮ ਜ਼ਮਾਨੇ, ਅਸੀਂ ਇੱਕ ਦੂਜੇ ਲਈ, ਫਨਾਹ ਹੋ ਗਏ

ਉਮਰ ਨਿਆਣੀ ਵਿੱਚ, ਆਪਾਂ ਦੋਵੇਂ ਡੁੱਲ੍ਹ ਗਏ
ਪਿਆਰ ਦੇ ਹੁਲਾਰਿਆਂ ਚ, ਦੁਨੀਆਂ ਨੂੰ ਭੁੱਲ ਗਏ
ਕੀਤਾ ਏ ਪਿਆਰ, ਸੀਨੇ ਖਾਧੀ ਏ ਕਟਾਰ
ਪਿਆ ਗਮਾਂ ਨਾਲ ਪਿਆਰ, ਗਲ਼ ਹਿਜਰਾਂ ਨਾ ਲਾ ਲਏ
ਕੀਤਾ ਜ਼ੁਲਮ ਜ਼ਮਾਨੇ, ਅਸੀਂ ਇੱਕ ਦੂਜੇ ਲਈ, ਫਨਾਹ ਹੋ ਗਏ

ਐਮੇ ਵਾਲ਼ੇ ਅਸ਼ਨੀ ਨੂੰ, ਪਤਾ ਈ ਨਾ ਲੱਗਿਆ
ਕਦੋਂ ਸਾਡਾ ਪਿਆਰ ਗਿਆ, ਸੂਲੀ ਉੱਤੇ ਟੰਗਿਆ
ਨੈਣਾਂ ਵਿੱਚ ਤੇਰੇ, ਪੜ੍ਹੇ ਕਈ ਮੈਂ ਸਵਾਲ
ਸਾਰੇ ਭੁੱਲ ਇਕਰਾਰ, ਵੱਖੋ-ਵੱਖ ਰਾਹੇ ਪੈ ਗਏ
ਕੀਤਾ ਜ਼ੁਲਮ ਜ਼ਮਾਨੇ, ਅਸੀਂ ਇੱਕ ਦੂਜੇ ਲਈ, ਫਨਾਹ ਹੋ ਗਏ

***

## ਪੱਤਝੜ ਦੀ ਰੁੱਤ

ਪੱਤਝੜ ਦੀ ਰੁੱਤ ਬੜੀ ਨਿਰਾਲੀ, ਮੌਲ਼ਣ ਰੁੱਖ ਮੌਲ਼ੇ ਇਹ ਧਰਤੀ
ਬੜੇ ਬਜ਼ੁਰਗ ਆਂਹਦੇ ਇਸ ਰੁੱਤ, ਧੁੱਪ ਛਾਂ ਲੁਕਣਮੀਟੀ ਖੇਡਿਆ ਕਰਦੀ
ਪੱਤਝੜ ਦੀ ਰੁੱਤ ਬੜੀ ਨਿਰਾਲੀ, ਮੌਲ਼ਣ ਰੁੱਖ ਮੌਲ਼ੇ ਇਹ ਧਰਤੀ

ਨਵੀਂ ਬਹਾਰ ਦਾ ਸੱਦਾ ਲੈ ਕੇ, ਜਦ ਹੈ ਇਹ ਰੁੱਤ ਆਉਂਦੀ
ਇੱਕ ਇੱਕ ਪੱਤਾ ਡਿੱਗ ਰੁੱਖਾਂ ਤੋਂ, ਧਰਤੀ ਤੇ ਚਾਦਰ ਬਣ ਜਾਂਦੀ
ਬੱਚੇ ਫਿਰਨ ਮਾਰਦੇ ਕਿਲਕਾਰੀਆਂ, ਕੁਦਰਤ ਦੀ ਗੋਦ ਫਿਰ ਤੋਂ ਭਰਦੀ
ਪੱਤਝੜ ਦੀ ਰੁੱਤ ਬੜੀ ਨਿਰਾਲੀ, ਮੌਲ਼ਣ ਰੁੱਖ ਮੌਲ਼ੇ ਇਹ ਧਰਤੀ

ਕੂੰਜਾਂ ਦੀ ਡਾਰ ਗੀਤ ਪਈ ਗਾਵੇ, ਕੋਇਲ ਕਲੋਲਾਂ ਕਰਦੀ ਫਿਰਦੀ
ਮੋਰ ਕਲਹਿਰੀ ਪੈਲਾਂ ਪਾਵੇ, ਮੋਰਨੀ ਮਸਤ ਨਾਚ ਪਈ ਕਰਦੀ
ਭੰਵਰੇ ਮੁੜ-ਮੁੜ ਕਲੀਆਂ ਤੇ ਬੈਠਣ, ਰਸ ਚੂਸਦਿਆਂ ਢਿੱਡ ਨਾ ਭਰਦੀ
ਪੱਤਝੜ ਦੀ ਰੁੱਤ ਬੜੀ ਨਿਰਾਲੀ, ਮੌਲ਼ਣ ਰੁੱਖ ਮੌਲ਼ੇ ਇਹ ਧਰਤੀ

ਸਾਫ ਤੇ ਸਵੱਛ ਸਵੇਰਾ, ਛਾਵੇਂ ਠੰਡ ਤੇ ਧੁੱਪੇ ਗਰਮੀ ਲਗਦੀ
ਰਾਤਾਂ ਵੀ ਨੇ ਠੰਡੀਆਂ ਮਿੱਠੀਆਂ, ਪੌਣ ਪੁਰੇ ਦੀ ਵਗਦੀ
ਅਸ਼ਨੀ ਨੇ ਇਹ ਮਹਿਸੂਸ ਕਰ ਲਿਆ, ਕਿੰਝ ਉਮਰ ਇਹ ਜਾਵੇ ਢਲ਼ਦੀ
ਪੱਤਝੜ ਦੀ ਰੁੱਤ ਬੜੀ ਨਿਰਾਲੀ, ਮੌਲ਼ਣ ਰੁੱਖ ਮੌਲ਼ੇ ਇਹ ਧਰਤੀ

***

## ਕੋਈ ਫਰਕ ਨਾ ਸਮਝੋ

ਕੋਈ ਫਰਕ ਨਾ ਸਮਝੋ ਵੇ, ਧੀਆਂ ਹੀ ਅਸਲੀ ਸਰਮਾਇਆ
ਵੀਰ ਸਾਡੇ ਨੂੰ ਲੱਭਦਾ ਲੱਭਦਾ, ਸੱਤ ਕੁੜੀਆਂ ਦਾ ਬਾਪ ਕਹਾਇਆ
ਕੋਈ ਫਰਕ ਨਾ ਸਮਝੋ ਵੇ, ਧੀਆਂ ਹੀ ਅਸਲੀ ਸਰਮਾਇਆ

ਸੱਤ ਕੂੰਜਾਂ ਤੇਰੇ ਵੇਹੜੇ ਖੇਡਣ, ਆਪੋ ਆਪਣੇ ਲੇਖ ਲਿਖਾਏ
ਇੱਕ ਇੱਕ ਕਰਕੇ ਡੋਲ਼ੀ ਚੜ੍ਹੀਆਂ, ਚਾ ਹੋਏ ਤੇਰੇ ਦੂਣ ਸਵਾਏ
ਪੰਜ ਉਂਗਲਾਂ ਕਦੇ ਹੋਣ ਨਾ ਇੱਕੋ, ਸੱਚ ਸਿਆਣਿਆਂ ਇਹ ਫਰਮਾਇਆ
ਕੋਈ ਫਰਕ ਨਾ ਸਮਝੋ ਵੇ, ਧੀਆਂ ਹੀ ਅਸਲੀ ਸਰਮਾਇਆ

ਦੁਨੀ ਰਾਜੇ ਨੇ ਰਜਨੀ ਧੀ ਨੂੰ, ਕੋਹੜੀ ਦੇ ਗਲ਼ ਲਾਇਆ
ਕੋਹੜੀ ਬਣ ਗਿਆ ਰਾਜਾ, ਗੁਰਾਂ ਨੇ ਕਾਗੋਂ ਹੰਸ ਬਣਾਇਆ
ਔਖੇ ਵੇਲ਼ੇ ਇਸੇ ਔਰਤ ਨੇ, ਝਾਂਸੀ ਦਾ ਰੂਪ ਵਟਾਇਆ
ਕੋਈ ਫਰਕ ਨਾ ਸਮਝੋ ਵੇ, ਧੀਆਂ ਹੀ ਅਸਲੀ ਸਰਮਾਇਆ

ਪੁੱਤ ਵਡਾਉਂਦੇ ਪੈਲ਼ੀ ਬੰਨਾ, ਧੀਆਂ ਵਡਾਉਂਦੀਆਂ ਦੁੱਖੜੇ
ਮੋਹ ਵਿੱਚ ਇਹ ਤਾਂ ਭਿੱਜੀਆਂ ਰਹਿੰਦੀਆਂ, ਪੁੱਤ ਹੋ ਜਾਂਦੇ ਰੁੱਖੜੇ
ਐਮੇ ਵਾਲ਼ੇ ਅਸ਼ਨੀ ਨੇ ਤਾਂ, ਬਿਲਕੁਲ ਸੱਚ ਫਰਮਾਇਆ
ਕੋਈ ਫਰਕ ਨਾ ਸਮਝੋ ਵੇ, ਧੀਆਂ ਹੀ ਅਸਲੀ ਸਰਮਾਇਆ

***

## ਮਿਰਜ਼ਾ ਸਾਹਿਬਾਂ

ਮਿਰਜ਼ਾ ਮੈਨੂੰ ਪਿਆਰ ਸੀ ਕਰਦਾ, ਮੈਂ ਵੀ ਉਹਦੇ ਨਾਲ ਕਰਿਆ
ਹੁਣ ਉੱਠ ਕੇ ਬੋਲ ਦੱਸ ਦੁਨੀਆਂ ਨੂੰ, ਕਿ ਸਾਹਿਬਾਂ ਦਾ ਨੀ ਕੋਈ ਦੋਸ਼ ਅੜਿਆ

ਬਚਪਨ ਦਾ ਇਹ ਪਿਆਰ ਅਸਾਡਾ, ਮੈਂ ਕਿਵੇਂ ਦਿਲੋਂ ਭੁਲਾ ਦਿੰਦੀ
ਜਿਹੜੇ ਕੌਲ ਇਕਰਾਰ ਸੀ ਅਸਾਂ ਕੀਤੇ, ਉਹਨਾਂ ਨੂੰ ਕਿਵੇਂ ਵਿਸਾਰ ਦਿੰਦੀ
ਘੱਲਿਆ ਸੀ ਮੈਂ ਕਰਮੂੰ ਨੂੰ, ਤੇਰੇ ਕੰਨ ਵਿੱਚ ਪਾਉਣ ਲਈ ਬੋਲ ਅੜਿਆ
ਹੁਣ ਉੱਠ ਕੇ ਬੋਲ ਦੱਸ ਦੁਨੀਆਂ ਨੂੰ, ਕਿ ਸਾਹਿਬਾਂ ਦਾ ਨੀ ਕੋਈ ਦੋਸ਼ ਅੜਿਆ

ਮੂੰਹ ਨ੍ਹੇਰੇ ਘਰੋਂ ਅਸੀਂ ਨਿੱਕਲੇ ਸਾਂ, ਤੂੰ ਬੱਕੀ ਨੂੰ ਲੈ ਕੇ ਉੱਡ ਚੱਲਿਆ
ਅਧਵਾਟੇ ਆ ਕੇ ਬੰਨ ਬੱਕੀ, ਨੀਂਦਰ ਦੀ ਗੋਦ ਚ ਸੌਂ ਚੱਲਿਆ
ਵਰਜਿਆ ਸੀ ਨਾ ਸੌਂ ਜੰਡ ਥੱਲੇ, ਮਿਰਜਿਆ ਤੂੰ ਇੱਕ ਵੀ ਗੱਲ ਤੇ ਨਾ ਮੁੜਿਆ
ਹੁਣ ਉੱਠ ਕੇ ਬੋਲ ਦੱਸ ਦੁਨੀਆਂ ਨੂੰ, ਕਿ ਸਾਹਿਬਾਂ ਦਾ ਨੀ ਕੋਈ ਦੋਸ਼ ਅੜਿਆ

ਸੁਣ ਵਾਜਾਂ ਘੋੜਿਆਂ ਦੇ ਟਾਪਾਂ ਦੀ, ਮੈਂ ਮਿਰਜ਼ੇ ਨੂੰ ਜਗਾਇਆ ਸੀ
ਝਿੜਕ ਮਾਰ ਕੇ ਆਖਿਆ ਮਿਰਜ਼ੇ ਨੇ, ਕਿਉਂ ਨੀਂਦ ਚ ਮੈਨੂੰ ਸਤਾਇਆ ਸੀ
ਬੱਕੀ ਦੀ ਅੱਖ ਨੇ ਵੇਖ ਲਿਆ, ਉੱਥੇ ਹੋਣ ਵਾਲ਼ਾ ਕਾਰਾ ਅੜਿਆ
ਹੁਣ ਉੱਠ ਕੇ ਬੋਲ ਦੱਸ ਦੁਨੀਆਂ ਨੂੰ, ਕਿ ਸਾਹਿਬਾਂ ਦਾ ਨੀ ਕੋਈ ਦੋਸ਼ ਅੜਿਆ

ਅੰਮੀ ਜਾਇਆਂ ਨੂੰ ਨਾ ਤੂੰ ਮਾਰ ਦੇਵੇਂ, ਇਹ ਸੋਚ ਕੇ ਕਾਨੀਆਂ ਤੋੜੀਆਂ ਸੀ
ਜੇ ਚਾਹੁੰਦੀ ਤਾਂ ਚੜ ਜਾਂਦੀ ਡੋਲੀ, ਪਰ ਤੇਰੇ ਲਈ ਖ਼ੁਸ਼ੀਆਂ ਮੋੜੀਆਂ ਸੀ
ਮੈਂ ਹਿੱਕ ਆਪਣੀ ਵਿੱਚ ਖੋਭ ਦਿੱਤਾ, ਕੱਢ ਖੰਜਰ ਤੇਰੇ ਸੀਨੇ ਵਿੱਚ ਮੁੜਿਆ
ਹੁਣ ਉੱਠ ਕੇ ਬੋਲ ਦੱਸ ਦੁਨੀਆਂ ਨੂੰ, ਕਿ ਸਾਹਿਬਾਂ ਦਾ ਨੀ ਕੋਈ ਦੋਸ਼ ਅੜਿਆ

***

## ਮੇਰਾ ਚੰਨ ਮੇਰੇ ਕੋਲੋਂ

ਕੁੜੀ– ਜਦੋਂ ਦੇ ਚੰਨਾ ਵੇ ਅਸੀਂ ਵੱਖ ਹੋ ਗਏ
ਤੂੰ ਕੀ ਜਾਣੇ ਗਲੀਆਂ ਦੇ ਕੱਖ ਹੋ ਗਏ
ਨਿੱਕੀ ਜਿਹੀ ਗੱਲ ਉੱਤੇ ਤੂੰ ਤਾਂ ਗਿਆਂ ਅੜ
ਐਡੀ ਕਿਹੜੀ ਗੱਲ ਦਾ ਗਰੂਰ ਹੋ ਗਿਆ
ਬਿੰਦੇ ਝੱਟੇ ਕਰ ਲਈਆਂ ਮੇਰੇ ਨਾ ਲੜਾਈਆਂ,
ਮੇਰਾ ਚੰਨ ਮੇਰੇ ਕੋਲੋਂ ਐਨੀ ਦੂਰ ਹੋ ਗਿਆ

ਮੁੰਡਾ– ਅਲਵਿਦਾ ਆਖ ਗਈ ਜਦੋਂ ਦੀ ਤੂੰ ਮੈਨੂੰ
ਸੋਚਦਾ ਰਿਹਾ ਮੈਂ ਕੀ ਹੋ ਗਿਆ ਏ ਤੈਨੂੰ
ਚਾਰ ਕੁ ਅੱਖਰ ਤੂੰ ਤਾਂ ਬੋਲ ਅੰਗਰੇਜ਼ੀ ਵਿੱਚ
ਕਰ ਲਈ ਤੂੰ ਤਾਂ ਇੱਥੋਂ ਜਾਣ ਦੀ ਤਿਆਰੀ
ਕੱਲਾ ਬੈਠ ਜਦ ਵੀ ਮੈਂ ਸੋਚਾਂ ਤੇਰੇ ਬਾਰੇ,
ਤੂੰ ਤਾਂ ਲਗਦੀ ਏਂ ਮੈਨੂੰ ਮੇਰੀ ਜਾਨ ਤੋਂ ਪਿਆਰੀ

ਕੁੜੀ– ਚਾਈਂ ਚਾਈਂ ਮਾਪਿਆਂ ਨੇ ਕੀਤਾ ਸੀ ਵਿਆਹ ਮੇਰਾ,
ਮਹਿੰਦੀ ਦਾ ਵੀ ਰੰਗ ਅਜੇ ਲਾਲ ਵੇ
ਐਡੀ ਕਿਹੜੀ ਗਲਤੀ ਮੈਂ ਕਰ ਦਿੱਤੀ ਜਿਹੜੀ,
ਤੇਰੇ ਕੋਲੋਂ ਗਈ ਨਾ ਸਹਾਰ ਵੇ
ਮਾਪਿਆਂ ਦੇ ਘਰ ਮੈਂ ਤਾਂ ਲਾਡਲੀ ਸੀ ਚੰਨਾ
ਦਿਲ ਸਹੁਰਿਆਂ ਦੇ ਘਰ ਚੂਰੋ–ਚੂਰ ਹੋ ਗਿਆ
ਬਿੰਦੇ ਝੱਟੇ ਕਰ ਲਈਆਂ ਮੇਰੇ ਨਾ ਲੜਾਈਆਂ, ਮੇਰਾ ਚੰਨ ……

ਮੁੰਡਾ– ਬੜਾ ਹੀ ਚਾਅ ਸੀਗਾ ਮੈਨੂੰ ਆਪਣੇ ਵਿਆਹ ਦਾ,
ਦੋਸਤਾਂ ਨੂੰ ਵੀ ਦਿੱਤੀਆਂ ਮੈਂ ਪਾਰਟੀਆਂ
ਤੇਰੇ ਜਾਣ ਪਿੱਛੋਂ ਤਾਂ ਨਿਹੋਰੇ ਮਾਰ ਪੁੱਛਦੇ ਸੀ,
ਕਿੱਥੇ ਗਈਆਂ ਯਾਰਾਂ ਦੀਆਂ ਢਾਣੀਆਂ

ਦਿਲ ਨੂੰ ਤਾਂ ਉਂਜ ਇਹ ਯਕੀਨ ਹੀ ਨਾ ਆਵੇ
ਤੂੰ ਛੱਡ ਗਈ ਏਂ ਮੈਨੂੰ ਕਰ ਸਦਾ ਲਈ ਭਿਖਾਰੀ
ਕੱਲਾ ਬੈਠ ਜਦ ਵੀ ਮੈਂ ਸੋਚਾਂ ਤੇਰੇ ਬਾਰੇ, ਤੂੰ ਤਾਂ ਲਗਦੀ ਏਂ ...

ਕੁੜੀ– ਫੇਸਬੁੱਕ ਉੱਤੇ ਮੇਰੇ ਪੰਜ ਸੌ ਫਰੈਂਡ ਨੇ,
ਡੰਗ ਮਾਰ ਲੰਘ ਜਾਂਦੇ ਜਾਪਦੇ ਭਰਿੰਡ ਨੇ
ਦੋਵੇਂ ਕੰਨ ਫੜ ਤੈਨੂੰ ਸੌਰੀ ਵੇ ਮੈਂ ਕਹਿੰਦੀ ਆਂ,
ਬਣ ਕੇ ਰਹੂੰ ਵੇ ਤੇਰੀ ਹੀਰ ਸੱਚੀ ਕਹਿੰਦੀ ਆਂ
ਫਲ਼ ਲਗਦੇ ਨੇ ਹੁੰਦੇ ਨੀਵਿਆਂ ਰੁੱਖਾਂ ਨੂੰ
ਇਸ ਗੱਲ ਦਾ ਤਾਂ ਮੈਨੂੰ ਹੁਣ ਸਰੂਰ ਹੋ ਗਿਆ
ਬਿੰਦੇ ਝੱਟੇ ਕਰ ਲਈਆਂ ਮੇਰੇ ਨਾ ਲੜਾਈਆਂ, ਮੇਰਾ ਚੰਨ ....

ਮੁੰਡਾ– ਐਮੇ ਵਾਲ਼ੇ ਅਸ਼ਨੀ ਨੇ ਕੱਲ ਮੈਨੂੰ ਦੱਸਿਆ,
ਕਾਹਲ਼ੇ ਪਿਆਂ ਬਨਣਾ ਨੀ ਕੰਮ ਤੇਰਾ ਬੱਲਿਆ
ਕੁੱਝ ਤੇਰੀ ਚੱਲਣੀ ਤੂੰ ਕੁੱਝ ਮੇਰੀ ਸਹਿਣੀ,
ਗੁੱਸੇ ਵਾਲ਼ੀ ਗੱਲ ਕਦੇ ਕਿਸੇ ਨੇ ਨੀ ਕਹਿਣੀ
ਬੋਲ ਦੇ ਤੂੰ ਹੁਣ ਢਾਈ ਅੱਖਰ ਪਿਆਰ ਦੇ
ਨਾਲੇ ਸਿਰ ਤੇ ਤੂੰ ਲੈ ਲਈਂ ਕੱਢੀ ਨਵੀਂ ਫੁਲਕਾਰੀ
ਕੱਲਾ ਬੈਠ ਜਦ ਵੀ ਮੈਂ ਸੋਚਾਂ ਤੇਰੇ ਬਾਰੇ, ਤੂੰ ਤਾਂ ਲਗਦੀ ਏਂ ....

***

## ਚੰਡੀਗੜ੍ਹ ਪੁਲਿਸ

ਸੋਹਣਾ ਹੈ ਸਰੀਰ ਮੇਰਾ ਉੱਚਾ ਲੰਬਾ ਕੱਦ ਬਈ
ਦੁੱਧ ਮੱਖਣਾ ਨਾਲ ਪਲ਼ੀ ਕਿਸੇ ਗੱਲੋਂ ਘੱਟ ਨਈਂ
ਸਾਰੇ ਪਿੰਡ ਨੇ ਮੇਰੇ ਪਿੱਛੇ ਵਾਹ-ਵਾਹ ਕਰਤੀ
ਮੈਂ ਤਾਂ ਚੰਡੀਗੜ੍ਹ, ਚੰਡੀਗੜ੍ਹ ਪੁਲਿਸ ਦੀ ਪਾ ਲਈ ਵਰਦੀ, ਮੈਂ ਤਾਂ ਚੰਡੀਗੜ੍ਹ

+2 ਤੋਂ ਬਾਅਦ ਉਹਨਾਂ ਲਿਆ ਸੀਗਾ ਟੈਸਟ,
ਮੈਂ ਤਾਂ ਕੀਤੀਆਂ ਸੀ ਪੂਰੀਆਂ ਤਿਆਰੀਆਂ
ਲੌਂਗ ਜੰਪ, ਹਾਈ ਜੰਪ, ਅਤੇ ਰੇਸ ਵਿੱਚ ਮੈਂ ਤਾਂ,
ਸੱਭ ਨਾਲੋਂ ਪਹਿਲਾਂ ਮੱਲਾਂ ਮਾਰੀਆਂ
ਸਾਰੇ ਬੈਚ ਵਿੱਚੋਂ ਮੈਂ ਤਾਂ ਹੋ ਗਈ ਪਹਿਲਾਂ ਭਰਤੀ
ਮੈਂ ਤਾਂ ਚੰਡੀਗੜ੍ਹ, ਚੰਡੀਗੜ੍ਹ ਪੁਲਿਸ ਦੀ ਪਾ ਲਈ ਵਰਦੀ, ਮੈਂ ਤਾਂ ਚੰਡੀਗੜ੍ਹ

ਪਰੇਡ ਵਿੱਚੋਂ ਜਦੋਂ ਮੈਂ ਤਾਂ ਅੱਵਲ ਸੀ ਆਈ, ਸਾਰਿਆਂ ਨੇ ਮਾਰੀਆਂ ਸੀ ਤਾੜੀਆਂ
ਵੱਡੇ ਸਾਹਿਬ ਨੇ ਵੀ ਮੈਨੂੰ ਦਿੱਤੀ ਹੱਲਾਸ਼ੇਰੀ, ਮੈਨੂੰ ਮੋਢੇ ਚੁੱਕ ਲਿਆ ਮੇਰੇ ਆੜੀਆਂ
ਮੈਂ ਤਾਂ ਫੁੱਲਿਆਂ ਨਾ ਸਮਾਵਾਂ ਉੱਤੇ ਏਸ ਧਰਤੀ
ਮੈਂ ਤਾਂ ਚੰਡੀਗੜ੍ਹ, ਚੰਡੀਗੜ੍ਹ ਪੁਲਿਸ ਦੀ ਪਾ ਲਈ ਵਰਦੀ, ਮੈਂ ਤਾਂ ਚੰਡੀਗੜ੍ਹ

ਦੇਖਿਆ ਸੀ ਇੱਕ ਦਿਨ ਐਮੇ ਵਾਲ਼ੇ ਅਸ਼ਨੀ ਨੂੰ, ਲੰਘਿਆ ਸੀ ਛੱਬੀ ਵਾਲ਼ੇ ਚੌਂਕ ਦੀਂ
ਮਾਰਿਆ ਸਲੂਟ ਮੈਂ ਤਾਂ ਖਿੱਚ ਕੇ ਸੀ ਸਾਹਮਣੇ, ਗੱਡੀ ਰੱਖੇ ਬੜੇ ਹੀ ਸ਼ੌਂਕ ਦੀ
ਮੈਂ ਜਾਵਾਂ ਗੱਲਾਂ ਉਹਦੇ ਨਾਲ ਹੱਸ ਹੱਸ ਕਰਦੀ
ਮੈਂ ਤਾਂ ਚੰਡੀਗੜ੍ਹ, ਚੰਡੀਗੜ੍ਹ ਪੁਲਿਸ ਦੀ ਪਾ ਲਈ ਵਰਦੀ, ਮੈਂ ਤਾਂ ਚੰਡੀਗੜ੍ਹ

***

## ਮੈਂ ਇਤਿਹਾਸ ਦਾ ਪੰਨਾ

ਮੈਂ ਇਤਿਹਾਸ ਦਾ ਪੰਨਾ
ਬੀਤੀ ਗੱਲ ਨੂੰ ਚੇਤੇ ਕਰਕੇ ਰੂਹ ਤੇਰੀ ਨੂੰ ਭੰਨਾ
ਮੈਂ ਇਤਿਹਾਸ ਦਾ ਪੰਨਾ

ਸੰਤਾਲੀ ਸੰਨ ਦਾ ਇੱਕ ਦਿਨ ਆਇਆ, ਰੱਜ ਕੇ ਬਾਰਿਸ਼ ਹੋਈ
ਕੌਣ ਸੀ ਰੋਇਆ, ਕੌਣ ਸੀ ਮੋਇਆ, ਪਤਾ ਨਾ ਚੱਲਿਆ ਕੋਈ
ਮੌਤ ਦੀ ਨੇਰ੍ਹੀ ਆ ਕੇ ਲੈ ਗਈ, ਤੋੜ ਕੇ ਹੱਦ ਬੰਨਾ
ਮੈਂ ਇਤਿਹਾਸ ਦਾ ਪੰਨਾ

ਮੱਝਾਂ ਗਾਵਾਂ ਛੱਡ ਕੇ ਤੁਰ ਗਏ, ਖੁੱਲੇ ਚੌਂਕੇ ਵਿਹੜੇ
ਮੁੜ ਕੇ ਵੇਖਿਆਂ ਧਾਹ ਸੀ ਵੱਜਦੀ, ਹਿੱਕ ਚ ਵੱਜਦੇ ਥਪੇੜੇ
ਸਮੇਂ ਦੀ ਇਸ ਮਾਰ ਨੇ ਲੋਕੋ, ਮਾਰਿਆ ਮੇਰਾ ਚੰਨਾ
ਮੈਂ ਇਤਿਹਾਸ ਦਾ ਪੰਨਾ

ਦਿਨ ਤਾਂ ਲੰਘਿਆ ਜਿੱਦਾਂ ਕਿੱਦਾਂ, ਪਈਆਂ ਜਦ ਤ੍ਰਿਕਾਲਾਂ
ਪਾਣੀ-ਪਾਣੀ ਪੈਰਾਂ ਹੇਠਾਂ, ਨੰਗੇ ਸਿਰ ਵਾਜਾਂ ਮਾਰਾਂ
ਦਿੱਲੀ ਤੋਂ ਤਰਪਾਲ ਸੀ ਆਈ, ਨਾਲੇ ਦੁੱਧ ਦਾ ਭਰ ਕੇ ਛੰਨਾ
ਮੈਂ ਇਤਿਹਾਸ ਦਾ ਪੰਨਾ

***

## ਸੁਪਨਾ ਖੁੱਲ੍ਹੀ ਅੱਖ ਦਾ

ਯਾਦ ਆਈ ਅੱਜ ਫਿਰ ਤੋਂ ਤੇਰੀ, ਦੇਖਿਆ ਸੁਪਨਾ ਖੁੱਲ੍ਹੀ ਅੱਖ ਦਾ ਮੈਂ
ਪਿਆਰ ਤੇਰੇ ਵਿੱਚ ਵਾਹ-ਵਾਹ ਮੇਰੀ, ਪਰ ਦੁਨੀਆਂ ਲਈ ਨਾ ਕੱਖ ਦਾ ਮੈਂ
ਯਾਦ ਆਈ ਅੱਜ ਫਿਰ ਤੋਂ ਤੇਰੀ, ਦੇਖਿਆ ਸੁਪਨਾ ਖੁੱਲ੍ਹੀ ਅੱਖ ਦਾ ਮੈਂ

ਅੱਖਾਂ ਦੇ ਵਿੱਚ ਅੱਖਾਂ ਪਾ ਕੇ, ਜਦ ਨਸ਼ਾ ਜਿਹਾ ਇੱਕ ਹੋ ਜਾਂਦਾ
ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ, ਫਿਰ ਦਿਲ ਇੱਕ ਮਿੱਕ ਜਿਹਾ ਹੋ ਜਾਂਦਾ
ਨਾ ਭੁੱਖ ਲੱਗਦੀ, ਨਾ ਲੱਗੇ ਤ੍ਰੇਹ, ਰਿਹਾ ਇਸ਼ਕ ਤੇਰੇ ਨੂੰ ਚੱਖਦਾ ਮੈਂ
ਯਾਦ ਆਈ ਅੱਜ ਫਿਰ ਤੋਂ ਤੇਰੀ, ਦੇਖਿਆ ਸੁਪਨਾ ਖੁੱਲ੍ਹੀ ਅੱਖ ਦਾ ਮੈਂ

ਜਾਪੇ ਸਮੇਂ ਨੂੰ ਜਿਵੇਂ ਡੱਕ ਲਿਆ, ਸੁੱਤਾ ਇਸ਼ਕ ਕੋਈ ਹੱਕ ਲਿਆ
ਤੇਰੇ ਨੈਣਾਂ ਵਿੱਚ ਸੀ ਜੋ ਕਦੇ, ਪਿਆਰ ਨੂੰ ਫਿਰ ਤੋਂ ਚੱਕ ਲਿਆ
ਤੇਰੀਆਂ ਭੋਲ਼ੀਆਂ-ਭਾਲ਼ੀਆਂ ਗੱਲਾਂ ਨੂੰ, ਰਿਹਾ ਸਾਂਭ ਕੇ ਦਿਲ ਵਿੱਚ ਰੱਖਦਾ ਮੈਂ
ਯਾਦ ਆਈ ਅੱਜ ਫਿਰ ਤੋਂ ਤੇਰੀ, ਦੇਖਿਆ ਸੁਪਨਾ ਖੁੱਲ੍ਹੀ ਅੱਖ ਦਾ ਮੈਂ

ਬੇਚੈਨ ਜਿਹੀ ਜਦ ਰੂਹ ਹੋ ਜਾਵੇ, ਬੇ-ਜਾਨ ਜਿਹਾ ਇਹ ਦਿਲ ਹੋ ਜਾਵੇ
ਫਿਰ ਅਸ਼ਨੀ ਦਾ ਪਿੰਡ ਐਮਾਂ-ਜੱਟਾਂ, ਖਰੜ ਤੋਂ ਕਾਫੀ ਦੂਰ ਹੋ ਜਾਵੇ
ਦੁਨੀਆਂ ਲਈ ਜੋ ਤੁੱਛ ਜਿਹਾ ਮਾਨਵ, ਪਰ ਤੇਰੇ ਲਈ ਕਰੋੜਾਂ ਲੱਖ ਦਾ ਮੈਂ
ਯਾਦ ਆਈ ਅੱਜ ਫਿਰ ਤੋਂ ਤੇਰੀ, ਦੇਖਿਆ ਸੁਪਨਾ ਖੁੱਲ੍ਹੀ ਅੱਖ ਦਾ ਮੈਂ

***

## ਨਾਰਾਜ਼ ਵੀ ਨੀ ਹੋਣਾ

ਦਿਲ ਮੰਗਿਆ ਪਿਆਰ ਵਿੱਚ ਜਿੰਦ ਤੈਥੋਂ ਵਾਰੀ
ਅਲਵਿਦਾ ਕਹਿਣ ਲੱਗੀ ਤੂੰ ਅਵਾਜ਼ ਵੀ ਨਾ ਮਾਰੀ
ਤੇਰੇ ਏਹੋ ਜਿਹੇ ਖਿਆਲਾਂ ਦਾ ਕਿਆਸ ਵੀ ਨੀ ਹੋਣਾ
ਜੇ ਮੈਂ ਖੁਸ਼ ਵੀ ਨਾ ਹੋਇਆ ਤੇ ਨਾਰਾਜ਼ ਵੀ ਨੀ ਹੋਣਾ

ਫੁੱਲਾਂ ਦਿਆਂ ਬਾਗਾਂ ਵਿੱਚ, ਹੋਈਆਂ ਮੁਲਾਕਾਤਾਂ
ਪੋਲੇ ਜਿਹੇ ਦਿੱਤੀਆਂ ਸੀ, ਤੂੰ ਉਹ ਨਿੱਘੀਆਂ ਸੌਗਾਤਾਂ
ਤੇਰੇ ਕਹੇ ਅਲਫਾਜ਼ਾਂ ਨੂੰ, ਲਿਖ ਕਿਤਾਬ ਚ ਨੀ ਹੋਣਾ
ਜੇ ਮੈਂ ਖੁਸ਼ ਵੀ ਨਾ ਹੋਇਆ ਤੇ ਨਾਰਾਜ਼ ਵੀ ਨੀ ਹੋਣਾ

ਪਾਈ ਨਾ ਤੂੰ ਚਿੱਠੀ, ਨਾ ਸੁਨੇਹਾ ਕੋਈ ਘੱਲਿਆ
ਤੇਰੇ ਬਾਝੋਂ ਸੋਹਣੀਏ ਨੀ, ਮੈਂ ਤਾਂ ਮਰ ਚੱਲਿਆ
ਤੈਨੂੰ ਕਿੰਨਾ ਚੇਤੇ ਕਰਾਂ, ਇਹ ਹਿਸਾਬ ਵੀ ਨੀ ਹੋਣਾ
ਜੇ ਮੈਂ ਖੁਸ਼ ਵੀ ਨਾ ਹੋਇਆ ਤੇ ਨਾਰਾਜ਼ ਵੀ ਨੀ ਹੋਣਾ

ਤੇਰੇ ਪਾਏ ਹੋਏ ਪਿਆਰ ਦਿਆਂ, ਰਾਵਾਂ ਉੱਤੇ ਚੱਲੇ
ਕੀ ਹੋਇਆ ਜੇ ਕਹਾਇਆ ਅਸੀਂ, ਦੁਨੀਆਂ ਤੋਂ ਝੱਲੇ
ਤੇਰੇ ਬਿਨਾਂ ਮੇਰੇ ਗੀਤਾਂ ਦਾ, ਆਗਾਜ ਵੀ ਨੀ ਹੋਣਾ
ਜੇ ਮੈਂ ਖੁਸ਼ ਵੀ ਨਾ ਹੋਇਆ ਤੇ ਨਾਰਾਜ਼ ਵੀ ਨੀ ਹੋਣਾ

ਤੜਕੇ ਸਵੇਰ ਤੇਰੀ, ਯਾਦ ਅੱਜ ਆਈ ਏ
ਸੁਪਨੇ ਚ ਦੇਖਿਆ, ਤੂੰ ਲਈ ਅੰਗੜਾਈ ਏ
ਤੂੰ ਤਾਂ ਭੁੱਲ ਗਈ, ਪਰ ਅਸ਼ਨੀ ਤਾਂ ਭੁੱਲਿਆ ਨੀ ਹੋਣਾ
ਜੇ ਮੈਂ ਖੁਸ਼ ਵੀ ਨਾ ਹੋਇਆ ਤੇ ਨਾਰਾਜ਼ ਵੀ ਨੀ ਹੋਣਾ

***

## ਸੁਪਨਿਆਂ ਦੀ ਦੁਨੀਆਂ

ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ
ਚੰਗੇ ਭਲੇ ਭੱਦਰ ਪੁਰਸ਼ ਨੂੰ, ਪਾਗਲ ਝੱਲਾ ਇਹ ਕਹਾ ਦੇਵੇ
ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ

ਸਰੀਰ ਢਿੱਲਾ ਜਿਵੇਂ ਨਿਢਾਲ ਜਿਹਾ, ਬੋਲੀ ਮੂੰਹ ਤੋਂ ਬੰਦ ਕਰਾ ਦੇਵੇ
ਦਿਮਾਗ ਚੁਸਤ ਸਾਰੀ ਰਾਤ ਜਿਵੇਂ, ਦਸ ਘੋੜਿਆਂ ਵਾਲ਼ੇ ਰੱਥ ਤੇ ਚੜ੍ਹਾ ਦੇਵੇ
ਵਿੱਚ ਮਿੰਟਾਂ ਅਤੇ ਸਕਿੰਟਾਂ ਦੇ, ਵਾਲ਼ ਚਿੱਟਿਓਂ ਕਾਲ਼ੇ ਕਰਾ ਦੇਵੇ
ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ

ਵਿੱਚ ਡਰ ਦੇ ਭੱਜਣਾ ਚਾਹੁੰਦਾ ਹਾਂ, ਪਰ ਪੈਰ ਪੁੱਟਣੋਂ ਮੁਸ਼ਕਿਲ ਕਰਾ ਦੇਵੇ
ਜਿਵੇਂ ਲਕਵਾ ਮਾਰਿਆ ਸਰੀਰ ਕੋਈ, ਬੇ-ਜਾਨ ਜਿਹੀ ਰੂਹ ਵਿੱਚ ਪਾ ਦੇਵੇ
ਸੌ ਸਾਲ ਬਾਅਦ ਜੋ ਹੋਣਾ ਹੈ, ਉਹ ਪਲ ਵਿੱਚ ਦ੍ਰਿਸ਼ ਦਿਖਾ ਦੇਵੇ
ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ

ਮੈਂ ਕਹਿੰਦਾਂ ਮੈਨੂੰ ਨੀਂਦ ਨੀ ਆਉਂਦੀ, ਪਰ ਸੁਪਨੇ ਨੈਣੀ ਨੀਂਦਰ ਪਾ ਦੇਵੇ
ਨਾ ਜਾਗਦਿਆਂ ਚ ਨਾ ਸੁੱਤਿਆਂ ਚ, ਵਿੱਚ ਹਵਾ ਦੇ ਇਹ ਲਟਕਾ ਦੇਵੇ
ਦੁਨੀਆਂ ਦਾਅਵੇ ਤਾਂ ਬੜੇ ਕਰਦੀ ਏ, ਪਰ ਸੁਪਨਾ ਥ੍ਰੀ ਡੀ ਫਿਲਮ ਵਿਖਾ ਦੇਵੇ
ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ

ਸਵੇਰੇ ਉੱਠਦਿਆਂ ਲਗਦਾ ਜੰਗ ਲੜੀ, ਰੋਮ-ਰੋਮ ਥਕਾਵਟ ਨਾਲ ਭਰ ਦੇਵੇ
ਬਿੱਜੜੇ ਵਰਗਾ ਤੱਕ ਚਿਹਰਾ ਅਸ਼ਨੀ ਵੀ, ਮੁਸਕਰਾਹਟ ਜਿਹੀ ਖਿਲਾਰ ਦੇਵੇ
ਰਾਤ ਨੂੰ ਰੱਜ ਕੇ ਨੀਂਦਰ ਮਾਣਾਂਗੇ, ਇਹ ਆਖ ਕੇ ਸੱਭ ਭੁਲਾ ਦੇਵੇ
ਤੌਬਾ-ਤੌਬਾ ਸੁਪਨਿਆਂ ਦੀ ਇਹ ਦੁਨੀਆਂ, ਅੱਲਾ-ਅੱਲਾ ਇਹ ਕਰਾ ਦੇਵੇ

***

## ਪਿੰਡ ਨੂੰ ਫਿਰ ਦੂਜੇ ਪਿੰਡ ਨਾਲ

ਜਦੋਂ ਕਦੇ ਮੈਂ ਹੋਸ਼ ਸੰਭਾਲ਼ੀ, ਨੰਗ ਧੜੰਗਾ ਵੇਖਿਆ ਮੈਂ
ਲੱਕ ਦੁਆਲ਼ੇ ਵੇਖ ਤੜਾਗੀ, ਗਲ਼ੀਆਂ ਦੇ ਵਿੱਚ ਖੇਡਿਆ ਮੈਂ
ਅੱਤ ਦੀ ਗਰਮੀ, ਅੱਤ ਦੀ ਸਰਦੀ, ਰੱਜ ਹੰਢਾਇਆ ਚਾਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਵਾਂ ਨਾਲ

ਭਰੀਆਂ ਪੰਡਾਂ ਸਿਰ ਤੇ ਚੁੱਕ ਕੇ, ਤੀਵੀਆਂ ਆਉਂਦੀਆਂ ਵੇਖੀਆਂ ਮੈਂ
ਨੰਗੇ ਪੈਰੀਂ ਖੇਤਾਂ ਦੇ ਵਿੱਚ, ਹਲ਼ ਚਲਾਉਂਦਿਆਂ ਵੇਖਿਆ ਮੈਂ
ਕਾਮਿਆਂ ਨੇ ਬੱਚੇ ਦੀ ਝੋਲੀ, ਨੂੰ ਰੱਖਿਆ ਖੜੇ ਮੰਜੇ ਦੀ ਛਾਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਵਾਂ ਨਾਲ

ਸਾਂਝੇ ਸੀ ਤਿਉਹਾਰ ਅਸਾਡੇ, ਸਾਂਝੇ ਰੀਤ-ਰਿਵਾਜਾਂ
ਦੁੱਖ-ਸੁੱਖ ਵੰਡ ਲੈਂਦੇ ਸੱਭ ਰਲ ਕੇ, ਨਾ ਲਿਖਿਆ ਕਿਤੇ ਹਿਸਾਬਾਂ
ਵੰਡੀਆਂ ਚੂਰੀਆਂ ਫਰਕ ਨਾ ਕੀਤਾ, ਕੀ ਚਿੜੀਆਂ, ਕੀ ਕਾਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਵਾਂ ਨਾਲ

ਖੂਹ ਚੋਂ ਪਾਣੀ ਭਰਨ ਮੁਟਿਆਰਾਂ, ਹਾਲੀ ਹਲਟ ਗੇੜਦੇ ਨੇ
ਚਾਂਦੀ ਵਰਗੀ ਧਾਰ ਪਾਣੀ ਦੀ, ਵਿੱਚ ਬਗਲੇ ਉੱਡ-ਉੱਡ ਖੇਡਦੇ ਨੇ
ਕੋਈ-ਕੋਈ ਮੁਟਿਆਰ ਹੂਕਦੀ, ਹਉਕਿਆਂ ਤੇ ਹਾਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਵਾਂ ਨਾਲ

ਭਾਖੜੇ ਤੋਂ ਇੱਕ ਨਹਿਰ ਨਿੱਕਲਦੀ, ਜੀਹਦਾ ਪਿੰਡਾਂ ਵਰਗਾ ਮੁੱਖੜਾ
ਐਮੇਂ ਨੂੰ ਇਹ ਛੂਹ ਨਿੱਕਲਦੀ, ਜਿੱਥੇ ਅਸ਼ਨੀ ਖੇਡੇ ਗੁੱਲੀ ਡੰਡੜਾ
ਕਦੇ ਸੁੱਕੀ, ਕਦੇ ਭਰ-ਭਰ ਜਾਵੇ, ਸ਼ੂਕਦੀ ਜਾਵੇ ਇਹ ਸਾਹਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਵਾਂ ਨਾਲ

ਸ਼ਹਿਰ ਨੂੰ ਜਾਂਦੀਆਂ ਪੱਕੀਆਂ ਸੜਕਾਂ, ਪਿੰਡਾਂ ਨੂੰ ਜਾਂਦੀਆਂ ਕੱਚੀਆਂ
ਗੱਲਾਂ ਕਰਦਾ ਐਮੇਂ ਵਾਲ਼ਾ, ਜੇਹੜੀਆਂ ਸੌ ਫੀਸਦੀ ਸੱਚੀਆਂ
ਪਿੰਡਾਂ ਦੇ ਲੋਕਾਂ ਦੀ ਤੁਲਨਾ, ਤਾਹੀਓਂ ਹੁੰਦੀ ਗਾਵਾਂ ਨਾਲ
ਇੱਕ ਪਿੰਡ ਨੂੰ ਫਿਰ ਦੂਜੇ ਪਿੰਡ ਨਾਲ, ਮਿਲਦੇ ਵੇਖਿਆ ਰਾਹਵਾਂ ਨਾਲ

***

## ਜੋਬਨ ਰੁੱਤੇ ਪਿਆਰ

ਜਦ ਕੋਈ ਗੱਭਰੂ ਮੁੱਛ-ਫੁੱਟ ਬਣਕੇ, ਜਵਾਨੀ ਚ ਪੈਰ ਜਾ ਧਰਦਾ ਈ ਐ
ਜੋਬਨ ਰੁੱਤੇ ਪਿਆਰ ਕਰਨ ਨੂੰ ਦਿਲ ਤਾਂ ਕਰਦਾ ਈ ਐ

ਸਾਰੀ ਦੁਨੀਆਂ ਨਵੀਂ ਪਈ ਲਗਦੀ, ਨਵੇਂ ਨੇ ਲਗਦੇ ਮੌਸਮ
ਸੋਹਣੀ ਜਿਹੀ ਕਿਸੇ ਕੁੜੀ ਨੂੰ ਦੇਖ ਕੇ, ਦਿਲ ਕਰਦੈ ਔਸਮ-ਔਸਮ
ਨਵੀਂ ਉਮਰ ਦੀਆਂ ਨਵੀਆਂ ਗੱਲਾਂ, ਕਰਨ ਨੂੰ ਦਿਲ ਤਾਂ ਕਰਦਾ ਈ ਐ
ਜੋਬਨ ਰੁੱਤੇ ਪਿਆਰ ਕਰਨ ਨੂੰ ਦਿਲ ਤਾਂ ਕਰਦਾ ਈ ਐ

ਫੈਸ਼ਨ ਪਿੱਛੇ ਪਿਓ ਦੀਆਂ ਗਾਲ਼ਾਂ, ਲੋਕੀਂ ਕਹਿੰਦੇ ਘਿਓ ਦੀਆਂ ਨਾਲ਼ਾਂ
ਅੰਮੜੀ ਨੇ ਦਿੱਤੇ ਸੀ ਜੇਹੜੇ, ਚੋਰੀ-ਚੋਰੀ ਨੋਟ ਹਜ਼ਾਰਾਂ
ਬੁਲਟ ਤੇ ਬੈਠ ਕੇ, ਗੇੜੀ-ਸ਼ੇੜੀ, ਲਾਉਣ ਨੂੰ ਦਿਲ ਤਾਂ ਕਰਦਾ ਈ ਐ
ਜੋਬਨ ਰੁੱਤੇ ਪਿਆਰ ਕਰਨ ਨੂੰ ਦਿਲ ਤਾਂ ਕਰਦਾ ਈ ਐ

ਸਕੂਲ ਦੇ ਵਿੱਚੋਂ ਨਿੱਕਲੇ ਸੀ ਜੋ, ਕਾਲਜ ਵਾਲ਼ੇ ਰਸਤੇ
ਜੀਨ ਪਾ ਕੇ ਫਿਰ ਨਿੱਕਲੇ ਮੁੰਡੇ, ਨਾ ਫੱਟੀ ਨਾ ਬਸਤੇ
ਕਾਲਜ ਦੀ ਕੰਟੀਨ ਚ ਬੈਠ ਕੇ, ਗੱਪ-ਸ਼ੱਪ ਲਾਉਣ ਨੂੰ ਦਿਲ ਤਾਂ ਕਰਦਾ ਈ ਐ
ਜੋਬਨ ਰੁੱਤੇ ਪਿਆਰ ਕਰਨ ਨੂੰ ਦਿਲ ਤਾਂ ਕਰਦਾ ਈ ਐ

ਰੰਗ-ਬਿਰੰਗੇ ਸੂਟਾਂ ਵਾਲ਼ੀਆਂ, ਜਦ ਕਾਲਜ ਨੂੰ ਆਉਂਦੀਆਂ ਨੇ
ਐਮੇਂ ਵਾਲ਼ੇ ਅਸ਼ਨੀ ਨੂੰ ਤਾਂ, ਵੇਖ ਕੇ ਗਸ਼ੀਆਂ ਪੈਂਦੀਆਂ ਨੇ
ਉੱਚੀਆਂ ਵਿੱਚ ਹਵਾਵਾਂ ਅੰਦਰ, ਉੱਡਣ ਨੂੰ ਦਿਲ ਤਾਂ ਕਰਦਾ ਈ ਐ
ਜੋਬਨ ਰੁੱਤੇ ਪਿਆਰ ਕਰਨ ਨੂੰ ਦਿਲ ਤਾਂ ਕਰਦਾ ਈ ਐ

***

## ਯਾਦ ਤੇਰੀ ਆਉਂਦੀ

ਮੇਰੇ ਗੀਤਾਂ ਦੀ ਕਲਮ ਤੇਰੀ ਮੋਟੀ-ਮੋਟੀ ਅੱਖ
ਜੇ ਮੈਂ ਭੁੱਲਣਾ ਵੀ ਚਾਹਾਂ ਤਾਂ ਵੀ ਹੁੰਦੀ ਨਹੀਓਂ ਵੱਖ
ਤੇਰੀ ਯਾਦ ਮੇਰੇ ਗੀਤਾਂ ਵਿੱਚ ਸੋਹਣੀਏ ਗਾਉਂਦੀ ਰਹਿੰਦੀ ਏ
ਤੂੰ ਆਵੇਂ ਜਾਂ ਨਾ ਆਵੇਂ ਯਾਦ ਤੇਰੀ ਆਉਂਦੀ ਰਹਿੰਦੀ ਏ

ਤੈਨੂੰ ਯਾਦ ਈ ਨੇ ਹੋਣੇ ਕੀਤੇ ਕੌਲ ਤੇ ਕਰਾਰ
ਕੋਈ ਕਿਵੇਂ ਭੁੱਲ ਜਾਂਦੈ ਐਨਾ ਕਰ ਕੇ ਪਿਆਰ
ਹੰਝੂ ਬਣ ਮੇਰੇ ਨੈਣਾਂ ਵਿੱਚ ਤੂੰ ਵਗਦੀ ਰਹਿੰਦੀ ਏਂ
ਤੂੰ ਆਵੇਂ ਜਾਂ ਨਾ ਆਵੇਂ ਯਾਦ ਤੇਰੀ ਆਉਂਦੀ ਰਹਿੰਦੀ ਏ

ਤੂੰ ਫੱਟੀ ਉੱਤੇ ਲਿਖਿਆ ਸੀ ਜਦੋਂ ਮੇਰਾ ਨਾਂ ਨੀ
ਮੈਂ ਫੁੱਲਾ ਨਾ ਸਮਾਇਆ ਤੇਰਾ ਵੇਖ ਕੇ ਹਿਆਂ ਨੀ
ਪਰ ਅੱਜ ਕਿਵੇਂ ਉੱਡ ਸਮੁੰਦਰੋਂ ਪਾਰ ਤੂੰ ਰਹਿੰਦੀਂ ਏਂ
ਤੂੰ ਆਵੇਂ ਜਾਂ ਨਾ ਆਵੇਂ ਯਾਦ ਤੇਰੀ ਆਉਂਦੀ ਰਹਿੰਦੀ ਏ

ਤੇਰੀਆਂ ਯਾਦਾਂ ਨੂੰ ਮੈਂ ਤਾਂ ਫੜੀ ਬੈਠਾ ਕੋਲ ਸੀ
ਕਾਪੀਆਂ ਕਿਤਾਬਾਂ ਉੱਤੇ ਤੇਰਾ ਨਾਂ ਲਿਖਿਆ ਜ਼ਰੂਰ ਸੀ
ਪਤਾ ਲੱਗਾ ਤੂੰ ਪਿੰਡ ਐਮੇਂ ਵਿੱਚ ਆਉਂਦੀ ਰਹਿੰਦੀ ਏਂ
ਤੂੰ ਆਵੇਂ ਜਾਂ ਨਾ ਆਵੇਂ ਯਾਦ ਤੇਰੀ ਆਉਂਦੀ ਰਹਿੰਦੀ ਏ

***

# ਇਸ਼ਕੇ ਦਾ ਇੱਕ ਬੁੱਲਾ

ਇਸ਼ਕੇ ਦਾ ਇੱਕ ਬੁੱਲਾ ਵਗਿਆ, ਵਗਿਆ ਸੀ ਇੱਕ ਪਲ ਦੇ ਲਈ
ਬਚਪਨ ਮੇਰਾ ਖ਼ੂਬ ਬੀਤਿਆ, ਬੀਤਿਆ ਸੀ ਇੱਕ ਪਲ ਦੇ ਲਈ
ਇਸ਼ਕੇ ਦਾ ਇੱਕ ਬੁੱਲਾ ਵਗਿਆ, ਵਗਿਆ ਸੀ ਇੱਕ ਪਲ ਦੇ ਲਈ

ਉਮਰ ਅੰਝਾਣੀ ਚ ਨੈਣ ਅਸਾਡੇ, ਲੜ ਕੇ ਚੀਰੋ-ਚੀਰ ਹੋਏ
ਮਾਪਿਆਂ ਦੇ ਸੁਪਨੇ ਵੀ ਸੱਚੀਂ, ਫੜ ਕੇ ਲੀਰੋ-ਲੀਰ ਹੋਏ
ਨਾ ਉਹ ਜਾਣੇ, ਨਾ ਮੈਂ ਜਾਣਾ, ਕੀ ਹੋਇਆ ਸੀ ਇੱਕ ਪਲ ਦੇ ਲਈ
ਇਸ਼ਕੇ ਦਾ ਇੱਕ ਬੁੱਲਾ ਵਗਿਆ, ਵਗਿਆ ਸੀ ਇੱਕ ਪਲ ਦੇ ਲਈ

ਫੁੱਲਾਂ ਦੀ ਕਿਆਰੀ ਵਿੱਚ, ਪਿਆਰ ਅਸੀਂ ਬੋਇਆ ਸੀ
ਆਖਰੀ ਏ ਦਿਨ ਸਾਡਾ, ਜਾਣੇ ਕੌਣ ਮੋਇਆ ਸੀ
ਨਾ ਰੱਜ ਕੇ ਗੱਲਾਂ ਕਰ ਸਕੇ, ਨਾ ਤੱਕ ਸਕੇ ਇੱਕ ਪਲ ਦੇ ਲਈ
ਇਸ਼ਕੇ ਦਾ ਇੱਕ ਬੁੱਲਾ ਵਗਿਆ, ਵਗਿਆ ਸੀ ਇੱਕ ਪਲ ਦੇ ਲਈ

ਹਉਂਕਿਆਂ ਤੇ ਹੰਝੂਆਂ ਨੇ, ਦਿੱਤਾ ਸਾਡਾ ਸਾਥ ਨਾ
ਤੇਰੇ ਬਾਝੋਂ ਕੌਣ ਸਾਡਾ, ਦਿੱਤਾ ਕਿਸੇ ਧਰਵਾਸ ਨਾ
ਐਮੇਂ ਵਾਲ਼ੇ ਅਸ਼ਨੀ ਨੂੰ, ਤੂੰ ਮੰਗਿਆ ਸੀ ਇੱਕ ਪਲ ਦੇ ਲਈ
ਇਸ਼ਕੇ ਦਾ ਇੱਕ ਬੁੱਲਾ ਵਗਿਆ, ਵਗਿਆ ਸੀ ਇੱਕ ਪਲ ਦੇ ਲਈ

***

## ਮੇਰੇ ਘਰ ਦੀਆਂ ਕੰਧਾਂ

ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ
ਉਸ ਬੂਟੇ ਦੇ ਫੁੱਲ ਗੁਲਾਬੀ, ਪੱਤਿਆਂ ਵਿੱਚ ਪਿਆ ਲੁਕਦਾ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਹ ਬੂਟਾ ਮੇਰੇ ਦਿਲ ਦੀ ਹਸਰਤ, ਵਾਂਗ ਪੁੱਤਾਂ ਇਹ ਖਿੜਦਾ ਜਾਵੇ
ਇਸ ਬੂਟੇ ਦੀ ਤੱਕ ਕੇ ਲਾਲੀ, ਚੰਨ ਵੀ ਬੱਦਲ਼ਾਂ ਵਿੱਚ ਲੁਕ ਜਾਵੇ
ਵਿੱਚ ਗਮਲੇ ਮੈਂ ਗੱਡਿਆ ਏਹਨੂੰ, ਇਹ ਦਿਲ ਮੇਰੇ ਨੂੰ ਗੱਡਦਾ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਸ ਬੂਟੇ ਨਾਲ ਦਿਲ ਦੀਆਂ ਤਾਰਾਂ, ਉਸ ਮਿੱਟੀ ਵਿੱਚ ਜੁੜੀਆਂ
ਜਿਸ ਮਿੱਟੀ ਵਿੱਚ ਬਚਪਨ ਮੇਰਾ, ਖੇਡਿਆ ਸੀ ਰੰਗ-ਰਲੀਆਂ
ਤੇਰੀ ਝਲਕ ਨਾ ਮਿਲਦੀ ਜਿਸ ਦਿਨ, ਦਿਲ ਝੱਲਾ ਜਿਹਾ ਹੋ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਸ ਬੂਟੇ ਦਾ ਰੰਗ ਸੰਧੂਰੀ, ਲੱਭਦਾ ਮਿਰਗ ਜਿਵੇਂ ਕਸਤੂਰੀ
ਇਸਦੀਆਂ ਪੱਤੀਆਂ ਜਦ ਮੈਂ ਛੂਹਾਂ, ਉੱਠਦੀ ਅੰਬਰੋਂ ਹੂਕ ਅਧੂਰੀ
ਸਾਰੀ ਰਾਤ ਅਸੀਂ ਗੱਲਾਂ ਕਰਦੇ, ਸਵੇਰੇ ਅੱਖ ਨਾ ਖੁੱਲ੍ਹਣ ਆਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਸ ਬੂਟੇ ਨੂੰ ਪਾਵਾਂ ਬਾਤਾਂ, ਬਾਤਾਂ ਦੇ ਵਿੱਚ ਦੇਵਾਂ ਸੌਗਾਤਾਂ
ਭਿੰਨੀ-ਭਿੰਨੀ ਖੁਸ਼ਬੋ ਏਹਦੀ, ਲੰਘਣ ਨਾ ਦੇਂਦੀ ਮੇਰੀਆਂ ਰਾਤਾਂ
ਉੱਠਦੇ, ਵਹਿੰਦੇ, ਤੁਰਦੇ-ਫਿਰਦੇ, ਵਾਰ-ਵਾਰ ਇੱਕ ਚੇਹਰਾ ਸਾਹਮਣੇ ਆਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਸ ਬੂਟੇ ਦਾ ਮਾਲੀ ਮੈਂ ਹਾਂ, ਭਰ ਮੱਛਕਾਂ ਪਾਣੀ ਪਿਆ ਪਾਵਾਂ
ਸੁਬਹ-ਸਵੇਰੇ ਹੱਥ ਮੂੰਹ ਧੋ ਕੇ, ਇਹਦਾ ਚੇਹਰਾ ਤੱਕਦਾ ਜਾਵਾਂ
ਧੁਰ ਅੰਦਰੋਂ ਇੱਕ ਅਵਾਜ਼ ਪਈ ਆਉਂਦੀ,
ਕਿ ਕੋਈ ਸਾਹਮਣੇ ਆਣ ਖੜਾ ਹੋ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਇਸ ਬੂਟੇ ਨੂੰ ਬੂਰ ਪੈ ਗਿਆ, ਵਹਿੰਦਿਆਂ-ਵਹਿੰਦਿਆਂ ਦੂਰ ਹੋ ਗਿਆ
ਜੋ ਕਦੇ ਸੀ ਮੇਰਾ ਹੁੰਦਾ, ਸੁਣਿਆਂ ਹੁਣ ਪ੍ਰਦੇਸੀ ਹੋ ਗਿਆ
ਦਿਲ ਕਰਦਾ ਹੁਣ ਮਾਰ ਉਡਾਰੀ, ਏਹਦੇ ਸ਼ਹਿਰ ਵੱਲ ਨੂੰ ਉੱਡਿਆ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

ਹਵਾ ਦੇ ਵਿੱਚ ਸੰਦੇਸੇ ਘੱਲਾਂ, ਆ ਜਾਵੇ ਤੂੰ ਮੇਰੇ ਵੱਲਾਂ
ਤੇਰੇ ਆਉਣ ਤੇ ਜਸ਼ਨ ਮਨਾਵਾਂ, ਪਿੰਡ ਐਮੇਂ ਇਹ ਆਖ ਸੁਣਾਵਾਂ
ਤੂੰ ਹੀਰ ਮੈਂ ਰਾਂਝਾ ਅਖਵਾਵਾਂ, ਕਾਸ਼ ਏਦਾਂ ਇਹ ਸੱਚ ਹੋ ਜਾਵੇ
ਮੇਰੇ ਘਰ ਦੀਆਂ ਕੰਧਾਂ ਉੱਤੇ, ਇੱਕ ਬੂਟਾ ਪਿਆ ਉੱਗਦਾ ਜਾਵੇ

***

## ਮੈਂ ਹਾਂ ਇੱਕ ਇਨਸਾਨ

ਤੱਕ ਬੱਚਿਆਂ ਦੀ ਮਾਸੂਮੀਅਤ ਨੂੰ, ਤੇਰੇ ਦੁੱਖ ਭੁਲਾਉਣਾ ਚਾਹੁੰਦਾ ਹਾਂ।
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੇ ਚੇਹਰੇ ਦੀ ਤੱਕ ਲਾਲੀ ਨੂੰ, ਬੁੱਲਾਂ ਤੇ ਸੁਰਖ ਪਿਆਲੀ ਨੂੰ
ਦੰਦ ਚਿੱਟੇ ਮੋਤੀਆਂ ਵਾਲ਼ੀ ਨੂੰ, ਦਿਲ ਵਿੱਚ ਵਸਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੀ ਤੋਰ ਨਾਗ ਦੀ ਬੱਚੀ ਨੂੰ, ਮਹਿਕਾਂ ਵੰਡਦੀ ਜਾਵੇ ਸੱਚੀ ਤੂੰ
ਵਾਂਗ ਭਾਂਬੜ ਸੀਨੇ ਮੱਚੀ ਨੂੰ, ਨੈਣਾਂ ਵਿੱਚ ਬਿਠਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਖੁੱਲ੍ਹੇ ਜ਼ੁਲਫਾਂ ਦੀ ਘਟਾ ਘਨਘੋਰ ਜਿਹੀ, ਬੱਦਲਾਂ ਵਿੱਚ ਲੁਕੀ ਚਕੋਰ ਜਿਹੀ
ਤੇਰੀ ਤੱਕਣੀ ਸ਼ਹਿਰ ਭੰਬੋਰ ਜਿਹੀ, ਡਾਚੀ ਉੱਤੇ ਬਿਠਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਜਦੋਂ ਯਾਦ ਆਉਂਦੀ ਖੁਸ਼ਬੋ ਤੇਰੀ, ਦਿਲ ਵਿੱਚ ਪੈਂਦੀ ਖੋਹ ਤੇਰੀ
ਇੱਕ ਟੂਣੇਹਾਰੀ ਗੁੱਤ ਤੇਰੀ, ਜਿਹਦੀ ਲਟ ਸਵਾਰਨੀ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੇ ਸ਼ਹਿਰ ਦੀਆਂ ਇਸ ਦੂਰੀਆਂ ਨੂੰ, ਤੇਰੇ ਮਾਪਿਆਂ ਕੱਢੀਆਂ ਘੂਰੀਆਂ ਨੂੰ
ਤੇਰੇ ਪਿਆਰ ਪਾਈਆਂ ਮਜਬੂਰੀਆਂ ਨੂੰ, ਕੋਲ ਬੈਠ ਹੰਢਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੇ ਇਸ਼ਕ ਦੀ ਪੌੜੀ ਚੜ੍ਹਿਆ ਮੈਂ, ਵਿੱਚ ਨਿੱਕੀ ਉਮਰੇ ਹੜ੍ਹਿਆ ਮੈਂ
ਤੇਰੀ ਬਿਰਹੋਂ ਦੇ ਵਿੱਚ ਕੜ੍ਹਿਆ ਮੈਂ, ਤੈਨੂੰ ਹਰ ਦਮ ਤੱਕਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੀਆਂ ਮੋਟੀਆਂ-ਮੋਟੀਆਂ ਅੱਖਾਂ ਚੋਂ, ਤੈਨੂੰ ਰੋਜ਼ ਪਛਾਣਾਂ ਲੱਖਾਂ ਚੋਂ
ਤੈਨੂੰ ਆਪਣਾ ਬਨਾਉਣ ਦੇ ਹੱਕਾਂ ਚੋਂ, ਇੱਕ ਹੱਕ ਜਤਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੇ ਮੇਰੇ ਪਿੰਡ ਦੀ ਵਾਟ ਜੋ, ਦਿਲ ਵਿੱਚ ਪੈਂਦੀ ਘਾਟ ਜੋ
ਸੀਨੇ ਚੋਂ ਨਿੱਕਲੀ ਤਰਾਟ ਜੋ, ਤੇਰੇ ਹੱਥੋਂ ਮੱਲਮ ਲਾਉਣੀ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਮੈਨੂੰ ਯਾਦ ਨੇ ਫੁੱਲ ਕਿਆਰੀਆਂ ਦੇ,
ਖੁਸ਼ੀਆਂ ਵਿੱਚ ਪਾਈਆਂ ਕਿਲਕਾਰੀਆਂ ਦੇ
ਅਧਵਾਟੇ ਛੱਡੀਆਂ ਯਾਰੀਆਂ ਦੇ, ਸਿਰ ਤੋੜ ਨਿਭਾਉਣੀ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਤੇਰੇ ਅਨਾਭੀ ਰੰਗ ਦਾ ਲਿਬਾਸ ਉਹ, ਮੇਰੀ ਜਾਤ ਦੇ ਖਿਲਾਫ ਉਹ
ਤੂੰ ਲਾਇਆ ਸੀ ਜਿਹੜਾ ਕਿਆਸ ਉਹ,
ਉਹਨੂੰ ਸੱਚ ਬਨਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਦਿਲ ਸੱਚੇ ਇਸ਼ਕ ਕਮਾਇਆ ਸੀ, ਤੇਰੇ ਮਾਪਿਆਂ ਨੇ ਨਾ ਚਾਹਿਆ ਸੀ
ਤੂੰ ਅੰਮੀ ਦਾ ਬੋਲ ਪੁਗਾਇਆ ਸੀ,
ਤੇਰੇ ਉਹਨਾਂ ਬੋਲਾਂ ਤੇ ਮੈਂ ਫੁੱਲ ਚੜ੍ਹਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਵਿੱਚ ਕਨੇਡਾ ਦੇ ਤੂੰ ਵਸਦੀ ਏਂ, ਮੈਨੂੰ ਯਾਦ ਜਦੋਂ ਤੂੰ ਕਰਦੀ ਏਂ
ਬਣ ਗੀਤ ਦਾ ਬੁੱਲਾ ਵਗਦੀ ਏਂ,
ਤੇਰੇ ਉਹਨਾਂ ਗੀਤਾਂ ਨੂੰ, ਹੋਠਾਂ ਤੇ ਸਜਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

ਪਿੰਡ ਐਮੇ ਆ ਕੇ ਵੇਖ ਲਵੀਂ, ਨਹਿਰੋਂ ਪਾਰ ਦੀ ਅੱਗ ਨੂੰ ਸੇਕ ਲਵੀਂ
ਉਹਨਾਂ ਪਲਾਂ ਨੂੰ ਬੁੱਕਲ਼ ਚ ਘੇਰ ਲਵੀਂ,
ਉਹਨਾਂ ਪਲਾਂ ਨੂੰ ਤੇਰੀ ਪਲਕਾਂ ਤੇ ਸਜਾਉਣਾ ਚਾਹੁੰਦਾ ਹਾਂ
ਮੈਂ ਹਾਂ ਇੱਕ ਇਨਸਾਨ ਮਗਰ, ਤੈਨੂੰ ਰੱਬ ਬਨਾਉਣਾ ਚਾਹੁੰਦਾ ਹਾਂ।

***

## ਪੰਜਾਬੀਓ

ਪੰਜਾਬੀਓ, ਪੰਜਾਬੀਓ, ਪੰਜਾਬੀਓ
ਵਿਦੇਸ਼ਾਂ ਵਿੱਚ ਰਹਿੰਦਿਓ ਪੰਜਾਬੀਓ

ਛੱਡ ਕੇ ਰਿਸ਼ਤੇ-ਨਾਤੇ ਤੁਰ ਗਏ, ਮਾਵਾਂ ਦੇ ਪੁੱਤ ਗੱਭਰੂ ਰੁਲ਼ ਗਏ
ਕਿਹੜੀ ਕਰਨ ਕਮਾਈ ਵਿੱਚ ਪ੍ਰਦੇਸਾਂ, ਸਮਝ ਨਾ ਆਵੇ ਦੁਆਬੀਓ
ਪੰਜਾਬੀਓ, ਪੰਜਾਬੀਓ, ਪੰਜਾਬੀਓ ......

ਛੱਡ ਕੇ ਗੁਰੂਆਂ ਦੀ ਇਹ ਧਰਤੀ, ਸੱਭਿਆਚਾਰ ਦੀ ਬਾਜ਼ੀ ਹਰਤੀ
ਸੂਟ-ਬੂਟ ਤੁਸੀਂ ਪਾ ਲਏ ਜਾ ਕੇ, ਪਗੜੀ ਰਹਿ ਗਈ ਇੱਥੇ ਪੰਜਾਬੀਓ
ਪੰਜਾਬੀਓ, ਪੰਜਾਬੀਓ, ਪੰਜਾਬੀਓ ......

ਚੰਗਾ ਨੀ ਕੀਤਾ ਬੋਲੀ ਬਦਲੀ, ਬਦਲਿਆ ਸੱਭਿਆਚਾਰ
ਇੱਕ ਪੰਜਾਬ ਅੰਗ੍ਰੇਜ਼ਾਂ ਵੰਡਿਆ, ਇੱਕ ਵੰਡਿਆ ਤੁਸੀਂ ਸ਼ਰਾਬੀਓ
ਪੰਜਾਬੀਓ, ਪੰਜਾਬੀਓ, ਪੰਜਾਬੀਓ ......

ਪੀਜਾ, ਬਰਗਰ, ਪੈਟੀਆਂ ਖਾ ਕੇ, ਭੁੱਲ ਗਏ ਗੰਢਾ, ਆਚਾਰ
ਦੱਬ ਕੇ ਮਿਹਨਤ ਕਰਨ ਵਾਲ਼ਿਓ, ਭੁੱਲਦੇ ਨਹੀਂ ਲਿਖਾਰੀਓ
ਪੰਜਾਬੀਓ, ਪੰਜਾਬੀਓ, ਪੰਜਾਬੀਓ ......

ਮਿੱਟੀ ਵਾਜਾਂ ਮਾਰੇ ਥੋਨੂੰ, ਸੁਣ ਲਓ ਮਾਂ ਦਾ ਦੁੱਖੜਾ
ਟ੍ਰੈਕਟਰ ਥੋਡਾ ਅਸ਼ਨੀ ਚਲਾਵੇ, ਰਾਜਾ ਬਣ ਕੇ ਖੇਤਾਂ ਦਾ ਨਵਾਬੀਓ
ਪੰਜਾਬੀਓ, ਪੰਜਾਬੀਓ, ਪੰਜਾਬੀਓ ......

***

## ਸ਼ੇਅਰ

ਪਿਆਰ, ਪਿਆਰ ਦੀਆਂ ਗੱਲਾਂ ਕਰਕੇ ਪਿਆਰ ਮੇਰੇ ਨਾਲ ਪਾਇਆ ਸੀ
ਨਾਜ਼ੁਕ, ਕੋਮਲ ਉਮਰ ਜਿਹੀ ਵਿੱਚ, ਜਿੰਦ ਨੂੰ ਤੇਰੇ ਲੇਖੇ ਲਾਇਆ ਸੀ
ਚੱਲੀਆਂ ਸੀ ਜਦ ਗਰਮ ਹਵਾਵਾਂ, ਸੱਭ ਨੂੰ ਪਿੰਡੇ ਹੰਢਾਇਆ ਸੀ
ਪਿੰਡ ਐਮੇ ਵਿੱਚ ਅਸ਼ਨੀ ਤੇਰਾ, ਇੱਕ-ਇੱਕ ਬੋਲ ਪੁਗਾਇਆ ਸੀ

## ਤੇਰੇ ਦੀਦ ਨੂੰ

ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ
ਤੱਕ-ਤੱਕ ਬੂਹਾ ਥੱਕੀਆਂ ਨੇ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

ਜੇ ਮੈਂ ਜਾਣਦੀ ਕਿ ਏਨਾ ਕੁੱਝ ਹੋਣਾ ਏ
ਕੱਲੇ ਬਹਿ-ਬਹਿ ਲੁਕ-ਲੁਕ ਰੋਣਾ ਏ
ਇਹਨਾਂ ਅੱਖੀਆਂ ਚ ਸੁਰਮਾ ਨਾ ਪਾਉਂਦੀ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

ਤੂੰ ਨਾ ਮੁੜਿਆ, ਨਾ ਖਬਰ ਕੋਈ ਆਈ ਏ
ਯਾਦਾਂ ਤੇਰੀਆਂ ਦੀ ਡੂੰਘੀ ਬੜੀ ਖਾਈ ਏ
ਇਹਨਾਂ ਵਹਿਣਾਂ ਵਿੱਚ ਵਹਿ ਨਾ ਕਿਤੇ ਜਾਵਾਂ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

ਤੈਨੂੰ ਭਾਲ਼-ਭਾਲ਼ ਜਿੰਦ ਮੇਰੀ ਥੱਕ ਗਈ
ਹੁਣ ਰੋਹੀ ਦੀ ਕਿੱਕਰ ਵਾਂਗ ਪੱਕ ਗਈ
ਸ਼ਾਲਾ ਡਿੱਗੇ ਹੋਏ ਫੁੱਲਾਂ ਨੂੰ ਗਲ਼ ਲਾ ਜਾ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

ਸੱਤਾਂ ਖੇਤਾਂ ਦੀ ਮੈਂ ਮਿੱਟੀ ਮੱਥੇ ਲਾ ਲਈ
ਪਾਣੀ ਖੂਹਾਂ ਦਾ ਮੈਂ ਭਰ ਕੇ ਨਹਾ ਗਈ
ਪੂਜਾ ਸਤੀ ਦੀ ਮੈਂ ਕਰ ਕੇ ਮਨਾਵਾਂ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

ਭੁਲਿਆਂ ਏ ਯਾਰਾ ਕਰ ਵਾਅਦੇ ਖਾਂ ਕਸਮਾਂ
ਡਾਲਰਾਂ ਤੋਂ ਹੌਲ਼ੇ ਹੋ ਗਈਆਂ ਮਿਲ਼ਣ ਦੀਆਂ ਰਸਮਾਂ
ਪਿੰਡ ਐਮੇਂ ਵਿੱਚ ਅਸ਼ਨੀ ਨੂੰ ਕਿੰਝ ਸਮਝਾਵਾਂ, ਵੇ ਢੋਲਾ ਤੁਰ ਦੂਰ ਗਿਓਂ
ਤੇਰੇ ਦੀਦ ਨੂੰ ਇਹ ਤਰਸਣ ਅੱਖੀਆਂ, ਵੇ ਢੋਲਾ ਤੁਰ ਦੂਰ ਗਿਓਂ

***